Very Short Answers type Questions

on

Social Science

for 9th Class - (Session 2019-20)

A Complete Revision for

Annual Examination

Prepared By :

VIJAY GUPTA, (M.A., M.ED., M.PHIL., PGCTE)

SOCIAL SCIENCE MASTER (GLOBAL WINNER)

Govt. High School Chuwarian Wali (Fazilka)

977 990 3800

Android Mobile App - ICT in Schools

https://tinyurl.com/yas96hvq

This work is licensed under a

Creative Commons Attribution-ShareAlike 4.0 International License

Join us on Telegram at https://t.me/ictinschools

ਭੂਗੋਲ

ਪਾਠ 1 (a) - ਭਾਰਤ : ਅਕਾਰ ਅਤੇ ਸਥਿਤੀ

1	ਭਾਰਤ ਅਕਾਰ ਪੱਖੋਂ ਦੁਨੀਆਂ ਦਾ _____ ਵੱਡਾ ਦੇਸ਼ ਹੈ।	ਸੱਤਵਾਂ
2	ਜਨਸੰਖਿਆ ਦੇ ਲਿਹਾਜ਼ ਨਾਲ ਭਾਰਤ ਦੁਨੀਆਂ ਦਾ _____ ਵੱਡਾ ਦੇਸ਼ ਹੈ।	ਦੂਜਾ
3	ਉਹ ਕਿਹੜਾ ਦੇਸ਼ ਹੈ ਜੋ ਖੇਤਰਫਲ ਤੇ ਆਬਾਦੀ ਦੋਹਾਂ ਪੱਖੋਂ ਪੰਜਵਾਂ ਸਥਾਨ ਰੱਖਦਾ ਹੈ?	ਬ੍ਰਾਜ਼ੀਲ
4	ਸੌਰਾਸ਼ਟਰ ਹੇਠ ਲਿਖਿਆਂ ਵਿੱਚੋਂ ਕਿਸ ਰਾਜ ਦਾ ਹਿੱਸਾ ਹੈ?	ਗੁਜਰਾਤ
5	ਕਿਹੜਾ ਸ਼ਹਿਰ ਕਿਸੇ ਰਾਜ ਦੀ ਰਾਜਧਾਨੀ ਨਹੀਂ ਹੈ?	ਅਹਿਮਦਾਬਾਦ
6	ਭਾਰਤ ਦਾ ਵਿਥਕਾਰੀ ਪਸਾਰ 8 ਡਿਗਰੀ 4 ਮਿੰਟ ਉੱਤਰ ਤੋਂ 37 ਡਿਗਰੀ 6 ਮਿੰਟ ਉੱਤਰ ਤੱਕ ਹੈ।	ਠੀਕ
7	ਭਾਰਤ ਦਾ ਸਰਕਾਰੀ ਜਾਂ ਸੰਵਿਧਾਨਿਕ ਨਾਂਅ ਕੀ ਹੈ?	ਭਾਰਤ ਗਣਰਾਜ
8	ਹੇਠ ਲਿਖਿਆਂ ਵਿੱਚੋਂ ਭਾਰਤ ਦਾ ਉੱਤਰੀ ਸਿਰਾ ਕਿਹੜਾ ਹੈ?	ਦਫ਼ਦਾਰ
9	ਹੇਠ ਲਿਖਿਆਂ ਵਿੱਚੋਂ ਭਾਰਤ ਦਾ ਪੂਰਬੀ ਸਿਰਾ ਕਿਹੜਾ ਹੈ?	ਕਿਬੀਥੂ
10	ਭਾਰਤ ਦਾ ਦੇਸ਼ਾਂਤਰੀ ਵਿਸਥਾਰ 68 ਡਿਗਰੀ 7 ਮਿੰਟ ਪੂਰਬ ਤੋਂ 97 ਡਿਗਰੀ 25 ਮਿੰਟ ਪੂਰਬ ਤੱਕ ਹੈ।	ਠੀਕ
11	ਭਾਰਤ ਦਾ ਉੱਤਰ ਤੋਂ ਦੱਖਣ ਤੱਕ ਵਿਸਥਾਰ ਕਿੰਨਾ ਹੈ?	3214 ਕਿਮੀ.
12	ਭਾਰਤ ਦਾ ਧੁਰ ਦੱਖਣੀ ਸਿਰਾ ਕਿਹੜਾ ਹੈ?	ਇੰਦਰਾ ਪੁਆਇੰਟ
13	ਭਾਰਤ ਦਾ ਪੂਰਬ ਤੋਂ ਪੱਛਮ ਤੱਕ ਵਿਸਥਾਰ _____ ਹੈ।	2933 ਕਿਮੀ.
14	ਭਾਰਤ ਦੇਸ਼ ਦੇ ਪੱਛਮੀ ਕਿਨਾਰੇ ਤੋਂ ਪੂਰਬੀ ਕਿਨਾਰੇ ਤੱਕ ਲਗਭੱਗ _____ ਡਿਗਰੀ ਦਾ ਦੇਸ਼ਾਂਤਰੀ ਫਰਕ ਹੈ।	30
15	ਭਾਰਤ ਦੇ ਦੋਵੇਂ ਪੂਰਬੀ ਤੇ ਪੱਛਮੀ ਕਿਨਾਰਿਆਂ ਦੇ ਸਮੇਂ ਵਿੱਚ _____ ਘੰਟੇ ਦਾ ਫਰਕ ਹੈ।	2
16	ਜਦੋਂ _____ ਵਿੱਚ ਸੂਰਜ ਨਿਕਲ ਰਿਹਾ ਹੁੰਦਾ ਹੈ ਤਾਂ ਗੁਜਰਾਤ ਵਿੱਚ ਅਜੇ ਰਾਤ ਹੁੰਦੀ ਹੈ।	ਅਰੁਣਾਚਲ ਪ੍ਰਦੇਸ਼
17	1 ਡਿਗਰੀ ਦੇਸ਼ਾਂਤਰ ਨੂੰ ਸੂਰਜ ਦੇ ਅੱਗਿਓਂ ਲੰਘਣ ਲਈ _____ ਦਾ ਸਮਾਂ ਲੱਗਦਾ ਹੈ।	4 ਮਿੰਟ
18	ਭਾਰਤ ਦਾ ਮਾਣਕ ਸਮਾਂ 82 ਡਿਗਰੀ 30 ਮਿੰਟ ਪੂਰਬੀ ਦੇਸ਼ਾਂਤਰ ਤੋਂ ਮਿੱਥਿਆ ਜਾਂਦਾ ਹੈ।	ਠੀਕ

Join us on Telegram at https://t.me/ictinschools

19	ਭਾਰਤ ਦਾ ਮਿਆਰੀ ਸਮਾਂ (IST) ਗਰੀਨਵਿੱਚ ਦੇ ਸਮੇਂ (GMT) ਤੋਂ ਕਿੰਨੇ ਘੰਟੇ ਅੱਗੇ ਹੈ?	5.30 ਘੰਟੇ
20	ਭਾਰਤ ਦੇ ਵਿਚਕਾਰੋਂ ਕਿਹੜੀ ਰੇਖਾ ਲੰਘਦੀ ਹੈ?	ਕਰਕ ਰੇਖਾ
21	ਭਾਰਤ ਦੀ ਜ਼ਮੀਨੀ ਸਰਹੱਦ ਦੀ ਕੁੱਲ ਲੰਬਾਈ 15,200 ਕਿਮੀ. ਅਤੇ ਸਮੁੰਦਰੀ ਤੱਟ ਰੇਖਾ ਦੀ ਲੰਬਾਈ 7516.6 ਕਿਮੀ. ਹੈ।	ਠੀਕ
22	ਭਾਰਤ ਦੀ ਅੰਤਰਰਾਸ਼ਟਰੀ ਸਰਹੱਦ ਸਭ ਤੋਂ ਜ਼ਿਆਦਾ (4096 ਕਿਮੀ.) ਕਿਹੜੇ ਦੇਸ਼ ਨਾਲ ਲੱਗਦੀ ਹੈ?	ਬੰਗਲਾ ਦੇਸ਼
23	ਦੱਖਣ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ (SAARC) _____ ਏਸ਼ੀਆਈ ਦੇਸ਼ਾਂ ਦਾ ਸਮੂਹ ਹੈ।	8
24	ਭਾਰਤ ਦਾ ਗੁਆਂਢੀ ਟਾਪੂ ਦੇਸ਼ _____ ਹੈ।	ਸ੍ਰੀ ਲੰਕਾ

ਪਾਠ 1 (b) - ਪੰਜਾਬ : ਅਕਾਰ ਅਤੇ ਸਥਿਤੀ

1	ਪੰਜਾਬ _____ ਭਾਸ਼ਾ ਦੇ ਦੋ ਸ਼ਬਦਾਂ ਪੰਜ ਅਤੇ ਆਬ ਤੋਂ ਮਿਲ ਕੇ ਬਣਿਆ ਹੈ।	ਫਾਰਸੀ
2	ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ?	ਪੈਂਟਾਪੋਟਾਮੀਆ
3	ਜੇਹਲਮ ਦਰਿਆ ਦਾ ਪੌਰਾਣਿਕ ਨਾਮ _____ ਸੀ।	ਵਿਤਸਤਾ
4	ਪੁਰੁਸ਼ਨੀ ਕਿਸ ਦਰਿਆ ਦਾ ਪੌਰਾਣਿਕ ਨਾਮ ਹੈ?	ਰਾਵੀ
5	ਚਨਾਬ ਦਾ ਪੌਰਾਣਿਕ ਨਾਮ ਅਸਿਕਨੀ ਸੀ।	ਠੀਕ
6	ਮੌਜੂਦਾ ਪੰਜਾਬ ਵਿੱਚ ਹੁਣ ਕਿਹੜੇ-2 ਦਰਿਆ ਵਗਦੇ ਹਨ?	ਸਤਲੁਜ, ਬਿਆਸ ਤੇ ਰਾਵੀ
7	ਭਾਰਤੀ ਪੰਜਾਬ ਦੀਆਂ ਰਾਜਸ਼ਾਹੀ ਰਿਆਸਤਾਂ ਪਟਿਆਲਾ, ਨਾਭਾ, ਮਲੇਰਕੋਟਲਾ, ਜੀਂਦ, ਕਪੂਰਥਲਾ, ਫਰੀਦਕੋਟ, ਨਾਲਾਗੜ੍ਹ ਅਤੇ ਕਲਸੀਆ ਨੂੰ _____ ਨੂੰ ਇਕੱਠਾ ਕਰਕੇ ਨਵਾਂ ਰਾਜ ਪੈਪਸੂ ਬਣਾਇਆ ਗਿਆ?	15 ਜੁਲਾਈ 1948 ਈ.
8	ਸੰਨ _____ ਈ. ਵਿੱਚ ਸਮੁੱਚੇ ਭਾਰਤ ਦੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ, ਤਾਂ ਪੈਪਸੂ ਰਾਜ ਦੀ ਹੋਂਦ ਖਤਮ ਕਰਕੇ ਪੰਜਾਬ ਵਿੱਚ ਮਿਲਾ ਦਿੱਤਾ ਗਿਆ ।	1956
9	ਸ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਭਾਸ਼ਾ ਦੇ ਆਧਾਰ ਤੇ ਅਜੋਕੇ ਪੰਜਾਬ ਦਾ ਜਨਮ _____ ਈ. ਨੂੰ ਹੋਇਆ।	1 ਨਵੰਬਰ 1966
10	ਪੰਜਾਬ 29 ਡਿਗਰੀ 30 ਮਿੰਟ ਉੱਤਰੀ ਅਕਸ਼ਾਂਸ਼ ਤੋਂ ਲੈ ਕੇ 32 ਡਿਗਰੀ 32 ਮਿੰਟ ਉੱਤਰੀ ਅਕਸ਼ਾਂਸ਼ ਤੱਕ ਅਤੇ 73 ਡਿਗਰੀ 55 ਮਿੰਟ ਪੂਰਬੀ ਦਿਸ਼ਾਂਤਰ ਤੋਂ ਲੈ ਕੇ 56 ਡਿਗਰੀ 50 ਮਿੰਟ ਪੂਰਬੀ ਦਿਸ਼ਾਂਤਰ ਤਲ ਫੈਲਿਆ ਹੋਇਆ ਹੈ।	ਠੀਕ

11	ਪੰਜਾਬ ਦਾ ਕੁੱਲ ਖੇਤਰਫਲ _____ ਵਰਗ ਕਿਮੀ. ਹੈ।	50362
12	ਖੇਤਰਫਲ ਦੇ ਲਿਹਾਜ਼ ਨਾਲ ਪੰਜਾਬ ਭਾਰਤ ਦੇ 29 ਰਾਜਾਂ ਵਿੱਚੋਂ _____ ਨੰਬਰ ਤੇ ਆਉਂਦਾ ਹੈ।	20ਵੇਂ
13	ਪਠਾਨਕੋਟ, ਗੁਰਦਾਸਪੁਰ, ਸ਼੍ਰੀ ਅਮ੍ਰਿੰਤਸਰ ਸਾਹਿਬ ਅਤੇ ਤਰਨਤਾਰਨ ਜ਼ਿਲ੍ਹੇ ਪੰਜਾਬ ਦੇ ਕਿਹੜੇ ਖੇਤਰ ਵਿੱਚ ਆਉਂਦੇ ਹਨ?	ਮਾਝਾ
14	ਹੇਠ ਲਿਖਿਆਂ ਵਿੱਚੋਂ ਕਿਹੜਾ ਜ਼ਿਲ੍ਹਾ ਦੁਆਬਾ ਖੇਤਰ ਦਾ ਹਿੱਸਾ ਹੈ?	ਜਲੰਧਰ
15	_____ ਜ਼ਿਲ੍ਹੇ ਦੇ ਸ਼ਹਿਰ ਕਲਾਨੌਰ ਵਿਖੇ ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਹੋਈ ਸੀ।	ਗੁਰਦਾਸਪੁਰ
16	ਪੰਜਾਬ ਰਾਜ ਦਾ ਸਭ ਤੋਂ ਛੋਟਾ ਜ਼ਿਲ੍ਹਾ ਕਿਹੜਾ ਹੈ?	ਪਠਾਨਕੋਟ
17	ਫੁੱਟਬਾਲ ਦੀ ਨਰਸਰੀ ਵਜੋਂ ਪ੍ਰਸਿੱਧ ਸ਼ਹਿਰ ਮਾਹਿਲਪੁਰ ਕਿਸ ਜ਼ਿਲ੍ਹੇ ਦਾ ਹਿੱਸਾ ਹੈ?	ਹੁਸ਼ਿਆਰਪੁਰ
18	_____ ਜ਼ਿਲ੍ਹੇ ਦਾ ਪਿੰਡ ਸੰਸਾਰਪੁਰ ਹਾਕੀ ਦੀ ਨਰਸਰੀ ਵਜੋਂ ਪ੍ਰਸਿੱਧ ਹੈ।	ਜਲੰਧਰ
19	ਕਿਸ ਜ਼ਿਲ੍ਹੇ ਦਾ ਨਾਮ ਹੁਣ ਸ਼ਹੀਦ ਭਗਤ ਸਿੰਘ ਨਗਰ ਹੈ?	ਨਵਾਂ ਸ਼ਹਿਰ
20	2011 ਦੀ ਜਨਗਣਨਾ ਅਨੁਸਾਰ ਪੰਜਾਬ ਦਾ ਸਭ ਤੋਂ ਘੱਟ ਆਬਾਦੀ ਵਾਲਾ ਜ਼ਿਲ੍ਹਾ ਕਿਹੜਾ ਹੈ?	ਬਰਨਾਲਾ
21	ਕਿਹੜਾ ਜ਼ਿਲ੍ਹਾ ਮਾਲਵੇ ਖੇਤਰ ਦਾ ਦਿਲ ਅਖਵਾਉਂਦਾ ਹੈ?	ਬਠਿੰਡਾ
22	_____ ਸੰਨ 1972 ਵਿੱਚ ਸੂਫੀ ਸੰਤ ਸ਼ੇਖ ਫਰੀਦ ਜੀ ਦੇ ਨਾਂ ਤੇ ਜ਼ਿਲ੍ਹਾ ਬਣਿਆ।	ਫਰੀਦਕੋਟ
23	_____ ਸ਼ਹਿਰ ਨੂੰ ਸੰਨ 1480 ਈ. ਵਿੱਚ ਲੋਧੀ ਵੰਸ਼ ਦੇ ਸ਼ਾਸ਼ਕਾਂ ਵੱਲੋਂ ਵਸਾਇਆ ਗਿਆ ਸੀ।	ਲੁਧਿਆਣਾ
24	ਕਿਹੜੇ ਜ਼ਿਲ੍ਹੇ ਨੂੰ ਜ਼ਿਆਦਾ ਕਪਾਹ ਦੀ ਪੈਦਾਵਾਰ ਲਈ ਚਿੱਟੇ ਸੋਨੇ ਦੀ ਭੂਮੀ ਕਿਹਾ ਜਾਂਦਾ ਹੈ?	ਮਾਨਸਾ
25	_____ ਰਿਆਸਤੀ ਸ਼ਹਿਰ ਹੈ ਜੋ 1955 ਈ. ਤੱਕ ਪੈਪਸੂ ਰਾਜ ਦੀ ਰਾਜਧਾਨੀ ਵੀ ਰਿਹਾ ਹੈ।	ਪਟਿਆਲਾ
26	ਪੰਜਾਬ ਖੇਤੀਬਾੜੀ ਯੂਨੀਵਰਸਿਟੀ _____ ਵਿੱਚ ਸਥਿਤ ਹੈ।	ਲੁਧਿਆਣਾ
27	ਇਸ ਸਮੇਂ ਪੰਜਾਬ ਵਿੱਚ 5 ਪ੍ਰਸ਼ਾਸਕੀ ਮੰਡਲ, 22 ਜ਼ਿਲ੍ਹੇ ਅਤੇ 86 ਤਹਿਸੀਲਾਂ ਹਨ।	ਠੀਕ
28	ਜ਼ਿਲ੍ਹਾ _____ ਨੂੰ ਪੰਜਾਬ ਦੇ 7 ਹੋਰ ਜ਼ਿਲ੍ਹਿਆਂ ਦੀ ਹੱਦਾਂ ਛੂੰਹਦੀਆਂ ਹਨ।	ਲੁਧਿਆਣਾ
29	ਹੇਠ ਲਿਖਿਆਂ ਵਿੱਚੋਂ ਕਿਹੜਾ ਜ਼ਿਲ੍ਹਾ ਕੌਮਾਂਤਰੀ ਸਰਹੱਦ ਨਾਲ ਨਹੀਂ ਲੱਗਦਾ?	ਫਰੀਦਕੋਟ
30	ਕਿਹੜਾ ਜੋੜਾ ਸਹੀ ਨਹੀਂ ਹੈ?	ਅਬੋਹਰ : ਸੰਗੀਤ ਸਾਜ਼ਾਂ ਦੀਆਂ ਸਨਅਤਾਂ

ਪਾਠ 2 (a) - ਭਾਰਤ : ਧਰਾਤਲ / ਭੂ-ਆਕ੍ਰਿਤੀਆਂ

1	ਹਿਮਾਲਾ ਪਰਬਤ ਦਾ ਜਨਮ ਕਿਹੜੇ ਸਾਗਰ ਤੋਂ ਹੋਇਆ?	ਟੈਥੀਜ਼ ਸਾਗਰ
2	ਭਾਰਤ ਦੇ ਕੁੱਲ ਖੇਤਰਫਲ ਦੇ _____ ਹਿੱਸੇ ਵਿੱਚ ਮੈਦਾਨ ਹਨ।	43%
3	ਹਿਮਾਲਿਆ ਪਰਬਤ ਦੀ ਲੰਬਾਈ ਕਿੰਨੀ ਹੈ?	2400 ਕਿਮੀ.
4	ਨੇਪਾਲ ਵਿੱਚ ਕਿਸ ਚੋਟੀ ਨੂੰ ਸਾਗਰ ਮੱਥਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ?	ਮਾਊਂਟ ਐਵਰੈਸਟ
5	ਮਸੂਰੀ, ਸ਼ਿਮਲਾ, ਨੈਨੀਤਾਲ, ਡਲਹੌਜ਼ੀ ਆਦਿ ਸਿਹਤਵਰਧਕ ਸਥਾਨ ਹਿਮਾਲਿਆ ਪਰਬਤ ਦੇ ਕਿਸ ਸ਼੍ਰੇਣੀ ਵਿੱਚ ਹਨ?	ਛੋਟਾ ਹਿਮਾਲਿਆ
6	ਅਰਾਵਾਲੀ ਪਰਬਤ ਦੀ ਸਭ ਤੋਂ ਉੱਚੀ ਚੋਟੀ ਦਾ ਨਾਂ _____ ਹੈ।	ਗੁਰੂ ਸ਼ਿਖਰ
7	ਭਾਰਤੀ ਟਾਪੂਆਂ ਨੂੰ ਦੋ ਭਾਗਾਂ ਵਿੱਚ ਅੰਡੇਮਾਨ ਦੀਪ ਸਮੂਹ ਅਤੇ ਲਕਸ਼ਦੀਪ ਸਮੂਹ ਵਿੱਚ ਵੰਡਿਆ ਜਾਂਦਾ ਹੈ।	ਠੀਕ
8	ਹੇਠ ਲਿਖਿਆਂ ਵਿੱਚੋਂ ਕਿਹੜਾ ਮੈਦਾਨੀ ਭਾਗ ਨਹੀਂ ਹੈ?	ਕੇਆਲ
9	ਇਨ੍ਹਾਂ ਵਿੱਚੋਂ ਕਿਹੜੀ ਝੀਲ ਨਹੀਂ ਹੈ?	ਸੈਡਲ
10	ਇਨ੍ਹਾਂ ਵਿੱਚੋਂ ਕਿਹੜਾ ਨਾਂ ਵੱਖਰੀ ਪਛਾਣ ਵਾਲਾ ਹੈ?	ਕਾਵੇਰੀ
11	ਕਿਹੜੀ ਪਰਬਤ ਸ਼੍ਰੇਣੀ ਹਿਮਾਲਿਆ ਨਹੀਂ ਹੈ?	ਨੀਲਗਿਰੀ
12	ਪਹਾੜੀ ਭਾਸ਼ਾਵਾਂ ਵਿੱਚ 'ਲਾ' ਦਾ ਅਰਥ ਦੱਰਾ ਹੈ।	ਠੀਕ
13	ਅਰਬ ਸਾਗਰ ਵਿੱਚ ਡਿੱਗਣ ਵਾਲੀਆਂ ਕੋਈ ਦੋ ਨਦੀਆਂ ਦੇ ਨਾਂ ਦੱਸੋ।	ਨਰਮਦਾ ਅਤੇ ਤਾਪਤੀ
14	ਮਾਲਾਬਾਰ ਦੇ ਤੱਟਵਰਤੀ ਮੈਦਾਨ ਵਿੱਚ ਸਭ ਤੋਂ ਵੱਡੀ ਝੀਲ _____ ਹੈ।	ਵੈਬਾਨੰਦ
15	ਮਾਲਾਬਾਰ ਦੇ ਤੱਟਵਰਤੀ ਮੈਦਾਨ ਵਿੱਚ ਝੀਲਾਂ ਨੂੰ ਸਥਾਨਕ ਭਾਸ਼ਾ ਵਿੱਚ ਕੇਆਲ ਕਿਹਾ ਜਾਂਦਾ ਹੈ।	ਠੀਕ
16	ਉਡੀਸ਼ਾ ਵਿੱਚ ਚਿਲਕਾ ਝੀਲ _____ ਪਾਣੀ ਦੀ ਸਭ ਤੋਂ ਵੱਡੀ ਝੀਲ ਹੈ।	ਖਾਰੇ
17	_____ ਅੰਡੇਮਾਨ ਦੀ ਸਭ ਤੋਂ ਉੱਚੀ ਚੋਟੀ ਹੈ।	ਸੈਡਲ ਪਹਾੜ
18	ਭਾਬਰ, ਤਰਾਈ, ਬਾਂਗਰ, ਖਾਡਰ, ਰੇਹ ਅਤੇ ਭੂਰ ਸਭ ਮੈਦਾਨਾਂ ਦੀਆਂ ਕਿਸਮਾਂ ਹਨ।	ਠੀਕ
19	ਅਰਾਵਲੀ ਪਰਬਤ ਵਿੱਚ ਸਥਿਤ ਦੱਰਾ _____ ਗੁਰੂ ਸ਼ਿਖਰ ਅਤੇ ਮਾਊਂਟ ਆਬੂ ਨੂੰ ਵੱਖ ਕਰਦਾ ਹੈ।	ਗੋਰਨਘਾਟ

20	ਸਤਪੁੜਾ ਪਰਬਤ ਸ਼੍ਰੇਣੀ ਵਿੱਚ ਸਭ ਤੋਂ ਉੱਚੀ ਚੋਟੀ _____ ਹੈ।	ਧੂਪਗੜ੍ਹ
21	ਨੀਲਗਿਰੀ ਦੀਆਂ ਪਹਾੜੀਆਂ ਵਿੱਚ ਸਭ ਤੋਂ ਉੱਚੀ ਚੋਟੀ _____ ਹੈ।	ਦੋਦਾ ਬੈਟਾ
22	ਦਮਨ ਤੋਂ ਗੋਆ ਤੱਕ ਦੇ 500 ਕਿਮੀ. ਲੰਬੇ ਮੈਦਾਨ ਨੂੰ _____ ਦਾ ਮੈਦਾਨ ਕਿਹਾ ਜਾਂਦਾ ਹੈ।	ਕੋਂਕਣ
23	ਮੰਗਲੌਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ 845 ਕਿਮੀ. ਲੰਬੇ ਮੈਦਾਨ ਨੂੰ _____ ਦਾ ਤੱਟਵਰਤੀ ਮੈਦਾਨ ਕਿਹਾ ਜਾਂਦਾ ਹੈ।	ਮਾਲਾਬਾਰ
24	ਕ੍ਰਿਸ਼ਨਾ ਨਦੀ ਦੇ ਡੈਲਟੇ ਤੋਂ ਕੰਨਿਆ ਕੁਮਾਰੀ ਤੱਕ ਦੇ ਪੂਰਬੀ ਤੱਟ ਨੂੰ _____ ਤੱਟ ਕਿਹਾ ਜਾਂਦਾ ਹੈ।	ਕੋਰੋਮੰਡਲ
25	ਪ੍ਰਸਿੱਧ ਪੁਲੀਕਟ ਝੀਲ ਕਿਹੜੇ ਤੱਟੀ ਮੈਦਾਨ ਵਿੱਚ ਸਥਿਤ ਹੈ?	ਕੋਰੋਮੰਡਲ

ਪਾਠ 2 (b) - ਪੰਜਾਬ : ਧਰਾਤਲ / ਭੂ-ਆਕ੍ਰਿਤੀਆਂ

1	ਪੰਜਾਬ ਵਿੱਚ ਬਿਆਸ ਤੇ ਰਾਵੀ ਦਰਿਆ ਦੇ ਵਿਚਕਾਰਲੇ ਖੇਤਰਾਂ ਨੂੰ _____ ਦਾ ਇਲਾਕਾ ਵੀ ਕਿਹਾ ਜਾਂਦਾ ਹੈ।	ਮਾਝੇ
2	ਪੁਰਾਣੇ ਜਲੋਢ ਨਾਲ ਨਿਰਮਿਤ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ?	ਬਾਂਗਰ
3	ਆਨੰਦਪੁਰ ਸਾਹਿਬ ਦੇ ਨੇੜੇ ਕੰਢੀ ਖੇਤਰ ਨੂੰ ਚੰਗਰ ਕਿਹਾ ਜਾਂਦਾ ਹੈ?	ਠੀਕ
4	ਹਿਮਾਲਿਆ ਦੀ ਸਭ ਤੋਂ ਬਾਹਰੀ ਲੜੀ ਦਾ ਨਾਂ ਸ਼ਿਵਾਲਿਕ ਹੈ?	ਠੀਕ
5	ਕੰਡੀ ਖੇਤਰ ਰੂਪਨਗਰ ਅਤੇ ਪਟਿਆਲਾ ਦੇ ਦੱਖਣੀ ਇਲਾਕਿਆਂ ਵਿੱਚ ਹਨ।	ਗਲਤ
6	ਹੁਸ਼ਿਆਰਪੁਰ ਸ਼ਿਵਾਲਿਕ, ਸਤਲੁਜ ਤੇ ਬਿਆਸ ਦਰਿਆ ਵਿਚਾਲੇ ਹੈ।	ਠੀਕ
7	ਪੰਜਾਬ ਦੇ ਦੱਖਣ ਪੂਰਬ ਵਿੱਚ ਘੱਗਰ ਦੇ ਜਲੋਢੀ ਮੈਦਾਨ ਨੈਲੀ ਅਖਵਾਉਂਦੇ ਹਨ।	ਠੀਕ
8	ਕੰਡੀ ਖੇਤਰ ਪੰਜਾਬ ਰਾਜ ਦੇ ਕੁੱਲ ਖੇਤਰਫਲ ਦਾ _____ ਹਿੱਸਾ ਬਣਦਾ ਹੈ।	10%
9	ਪੰਜਾਬ ਵਿੱਚ ਰਾਵੀ ਤੇ ਬਿਆਸ ਵਿਚਕਾਰਲਾ ਖੇਤਰ _____ ਹੈ।	ਬਾਰੀ ਦੁਆਬ
10	ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ _____ ਖੇਤਰ ਦੇ ਜ਼ਿਲ੍ਹੇ ਹਨ।	ਦੁਆਬਾ
11	ਮਾਝਾ ਖੇਤਰ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਜ਼ਿਲ੍ਹਾ ਆਉਂਦਾ ਹੈ?	ਸ੍ਰੀ ਅਮ੍ਰਿੰਤਸਰ ਸਾਹਿਬ
12	ਪੰਜਾਬ ਦੇ ਦੱਖਣ ਪੱਛਮ ਵਿੱਚ ਰਾਜਸਥਾਨ ਨਾਲ ਲੱਗਦੀ ਸਰਹੱਦ ਤੇ ਰੇਤਲੇ ਟਿੱਬੇ ਆਮ ਮਿਲਦੇ ਹਨ।	ਠੀਕ

13	ਮੰਡ, ਬੇਟ, ਚੰਗਰ, ਘਾੜ ਅਤੇ ਬੇਲਾ ਆਦਿ ਦਰਿਆਵਾਂ ਨੇੜੇ ਪੈਂਦੇ ਨੀਵੇਂ ਇਲਾਕਿਆਂ ਦੇ ਹੀ ਨਾਂ ਹਨ।	ਠੀਕ

ਪਾਠ 3 (a) - ਭਾਰਤ : ਜਲ ਪ੍ਰਵਾਹ

1	ਗੰਗਾ ਨਦੀ ਪ੍ਰਾਇਦੀਪੀ ਜਲ ਤੰਤਰ ਦੀ ਨਦੀ ਹੈ।	ਗਲਤ
2	ਕਿਸੇ ਇਲਾਕੇ ਵਿੱਚ ਵਹਿਣ ਵਾਲੇ ਨਹਿਰਾਂ ਤੇ ਨਦੀਆਂ ਦੇ ਜਾਲ ਨੂੰ ਜਲਪ੍ਰਵਾਹ ਕਹਿੰਦੇ ਹਨ।	ਠੀਕ
3	ਇਨ੍ਹਾਂ ਵਿੱਚੋਂ ਕਿਹੜਾ ਦਰਿਆ ਗੰਗਾ ਦੀ ਸਹਾਇਕ ਨਦੀ ਨਹੀਂ ਹੈ?	ਬਿਆਸ
4	ਇਨ੍ਹਾਂ ਵਿੱਚੋਂ ਕਿਹੜੀ ਝੀਲ ਕੁਦਰਤੀ ਨਹੀਂ ਹੈ?	ਰਣਜੀਤ ਸਾਗਰ
5	ਭਾਰਤ ਵਿੱਚ ਸਭ ਤੋਂ ਵੱਡਾ ਨਦੀ ਤੰਤਰ ਕਿਹੜਾ ਹੈ?	ਗੰਗਾ ਜਲਤੰਤਰ
6	ਭਾਰਤ ਦਾ ਸੁੰਦਰਵਨ ਡੈਲਟਾ ਸੰਸਾਰ ਦਾ ਸਭ ਤੋਂ ਵੱਡਾ ਡੈਲਟਾ ਹੈ।	ਠੀਕ
7	ਨਰਮਦਾ, ਤਾਪਤੀ ਅਤੇ ਸਾਬਰਮਤੀ _____ ਵਿੱਚ ਡਿਗਦੀਆਂ ਹਨ।	ਅਰਬ ਸਾਗਰ
8	ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ _____ ਵਿੱਚ ਡਿਗਦੀਆਂ ਹਨ।	ਬੰਗਾਲ ਦੀ ਖਾੜੀ
9	ਰਾਜਸਥਾਨ ਵਿੱਚ ਸਾਂਭਰ ਝੀਲ ਮਿੱਠੇ ਪਾਣੀ ਦੀ ਝੀਲ ਹੈ।	ਗਲਤ
10	ਵੂਲਰ ਝੀਲ ਭਾਰਤ ਦੇ ਕਿਸ ਰਾਜ ਵਿੱਚ ਹੈ?	ਜੰਮੂ ਅਤੇ ਕਸ਼ਮੀਰ
11	ਨਰਮਦਾ ਅਤੇ ਤਾਪਤੀ ਨਦੀਆਂ _____ ਬਣਾਉਂਦੀਆਂ ਹਨ।	ਐਸਚੁਅਰੀ
12	ਲਗਭੱਗ 465 ਕਿਮੀ. ਘੱਗਰ ਨਦੀ ਅੰਦਰੂਨੀ ਜਲ-ਤੰਤਰ ਦੀ ਸਭ ਤੋਂ ਮਹਤੱਵਪੂਰਨ ਉਦਾਹਰਣ ਹੈ।	ਠੀਕ
13	ਅੰਦਰੂਨੀ ਜਲ-ਤੰਤਰ ਦੀ ਲੂਨੀ ਨਦੀ ਭਾਰਤ ਦੇ _____ ਰਾਜ ਦੇ ਪੁਸ਼ਕਰ ਵਿੱਚੋਂ ਨਿਕਲਦੀ ਹੈ।	ਰਾਜਸਥਾਨ
14	ਹੇਠ ਲਿਖਿਆਂ ਵਿੱਚੋਂ ਕਿਹੜੀ ਨਦੀ ਪੱਛਮ ਵੱਲ ਵਹਿੰਦੀ ਹੈ?	ਤਾਪਤੀ
15	ਪੱਛਮ ਦਿਸ਼ਾ ਵਿੱਚ ਵਹਿਣ ਵਾਲੀ ਸਭ ਤੋਂ ਲੰਮੀ ਨਦੀ ਕਿਹੜੀ ਹੈ?	ਨਰਮਦਾ
16	ਭਾਰਤ ਦੀ ਕਿਹੜੀ ਨਦੀ ਨੂੰ ਦੱਖਣ ਦੀ ਬੁੱਢੀ ਗੰਗਾ ਕਿਹਾ ਜਾਂਦਾ ਹੈ?	ਗੋਦਾਵਰੀ
17	ਪ੍ਰਾਇਦੀਪੀ ਨਦੀਆਂ ਸਦਾਬਹਾਰ ਹੁੰਦੀਆਂ ਹਨ।	ਗਲਤ
18	2900 ਕਿਮੀ. ਲੰਬੇ ਬ੍ਰਹਮਪੁੱਤਰ ਨੂੰ ਤਿੱਬਤ ਵਿੱਚ ਸਾਂਗਪੋ ਕਿਹਾ ਜਾਂਦਾ ਹੈ।	ਠੀਕ

19	ਗੰਗਾ, ਉੱਤਰਾਖੰਡ ਵਿੱਚ ਗੰਗੋਤਰੀ ਗੋਮੁੱਖ ਹਿਮਨਦੀ ਤੋਂ ਜਨਮ ਲੈਂਦੀ ਹੈ।	ਠੀਕ
20	ਜਬਲਪੁਰ ਵਿਖੇ ਧੁੰਆਂਧਾਰ ਝਰਨਾ ਕਿਸ ਨਦੀ ਉੱਪਰ ਹੈ।	ਨਰਮਦਾ
21	_____ ਵਿੱਚ ਸਥਿਤ ਮੰਜੂਲੀ ਦੀਪ ਦੁਨੀਆਂ ਦਾ ਸਭ ਤੋਂ ਵੱਡਾ ਨਦੀ ਵਿਚਲਾ ਦੀਪ ਹੈ।	ਆਸਾਮ
22	ਬ੍ਰਹਮਪੁੱਤਰ ਦਰਿਆ ਨਾਮਚਾ ਬਰਵਾ ਨਾਮਕ ਸਥਾਨ ਤੋਂ ਭਾਰਤ ਵਿੱਚ ਪ੍ਰਵੇਸ਼ ਕਰਦਾ ਹੈ।	ਠੀਕ
23	ਤਿੱਬਤ ਤੋਂ ਬੋਖਰਛੂ, ਮਾਨਸਰੋਵਰ ਝੀਲ ਦੇ ਨੇੜਿਓਂ ਨਿਕਲਦੇ 2880 ਕਿਮੀ. ਲੰਬੇ ਸਿੰਧ ਦਰਿਆ ਦੀ ਭਾਰਤ ਵਿੱਚ ਲੰਬਾਈ ਸਿਰਫ 709 ਕਿਮੀ. ਹੈ।	ਠੀਕ

ਪਾਠ 3 (b) - ਪੰਜਾਬ : ਜਲ ਤੰਤਰ

1	ਹੇਠ ਲਿਖਿਆਂ ਵਿੱਚੋਂ ਮੌਸਮੀ ਦਰਿਆ ਲੱਭੋ।	ਘੱਗਰ
2	ਪੰਜਾਬ ਦੇ ਰਾਵੀ, ਬਿਆਸ ਅਤੇ ਸਤਲੁਜ ਦਰਿਆ ਮੌਸਮੀ ਦਰਿਆ ਹਨ।	ਗਲਤ
3	ਕਿਹੜਾ ਦਰਿਆ ਮਾਨਸਰੋਵਰ ਲਾਗੇ ਰਕਸ਼ਤਾਲ ਝੀਲ ਵਿੱਚੋਂ ਉਪਜਦਾ ਹੈ?	ਸਤਲੁਜ
4	ਰਣਜੀਤ ਸਾਗਰ ਜਾਂ ਥੀਨ ਡੈਮ ਦਾ ਨਿਰਮਾਣ ਕਿਹੜੇ ਦਰਿਆ ਤੇ ਹੋਇਆ ਹੈ?	ਰਾਵੀ
5	ਭੰਗੀ ਚੋਅ ਤੇ ਬਾਸ਼ਾ ਚੋਅ ਕਿਹੜੇ ਜ਼ਿਲ੍ਹੇ ਵਿੱਚ ਪੈਂਦੇ ਹਨ?	ਹੁਸ਼ਿਆਰਪੁਰ
6	ਕਾਲੀ ਵੇਂਈ ਅਤੇ ਪਾਰਵਤੀ, ਬਿਆਸ ਦੀਆਂ ਸਹਾਇਕ ਨਦੀਆਂ ਹਨ।	ਠੀਕ
7	ਪੰਜਾਬ ਵਿੱਚ 10 ਹੈੱਡਵਰਕਸ ਤੇ 20,786 ਕਿਮੀ. ਲੰਬੀਆਂ ਨਹਿਰਾਂ ਹਨ।	ਗਲਤ
8	ਹਰੀਕੇ ਝੀਲ ਚੋਂ ਰਾਜਸਥਾਨ ਨੂੰ ਪਾਣੀ ਲਿਜਾਂਦੀ ਨਹਿਰ ਦਾ ਨਾਂ ਲਿਖੋ।	ਇੰਦਰਾ ਗਾਂਧੀ ਨਹਿਰ
9	ਪੰਜਾਬ ਦੀ ਕਿਹੜੀ ਨਹਿਰ ਹਰਿਆਣਾ ਰਾਜ ਨੂੰ ਜਲ ਪ੍ਰਦਾਨ ਕਰਦੀ ਹੈ?	ਘੱਗਰ
10	ਅਪਰ ਬਾਰੀ ਦੁਆਬ ਨਹਿਰ ਦਾ ਸਰੋਤ ਮਾਧੋਪੁਰ ਹੈਡਵਰਕਸ ਹੈ।	ਠੀਕ
11	ਪੌਂਗ ਡੈਮ ਦਾ ਨਿਰਮਾਣ ਕਿਹੜੇ ਦਰਿਆ ਉੱਤੇ ਕੀਤਾ ਗਿਆ ਹੈ?	ਬਿਆਸ
12	ਬੁੱਢਾ ਨਾਲਾ ਤੇ ਸੱਕੀ ਕਿਰਨ ਦੇ ਮਾਰਗ, ਪੰਜਾਬ ਦੇ ਪਛਾਣ ਗੁਆ ਚੁੱਕੇ ਜਲ ਤੰਤਰ ਮਾਰਗ ਹਨ।	ਠੀਕ
13	ਘੱਗਰ ਦਰਿਆ ਜੋ ਹੁਣ ਮੌਸਮੀ ਹੈ, ਕਦੇ _____ ਨਦੀ ਦੀ ਸਹਾਇਕ ਨਦੀ ਹੁੰਦਾ ਸੀ।	ਸਰਸਵਤੀ
14	ਰਾਵੀ ਤੇ ਬਿਆਸ ਦੋਨਾਂ ਦਾ ਜਨਮ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਰੋਹਤਾਂਗ ਦੱਰੇ ਦੇ ਨੇੜੇ ਹੈ।	ਠੀਕ

15	ਪੰਜਾਬ ਵਿੱਚ 5 ਹੈੱਡਵਰਕਸ ਤੇ 14,500 ਕਿਮੀ. ਲੰਬੀਆਂ ਨਹਿਰਾਂ ਹਨ।	ਠੀਕ

ਪਾਠ 4 - ਜਲਵਾਯੂ

1	ਜਿਉਂ ਜਿਉਂ ਭੂ-ਮੱਧ ਰੇਖਾ ਤੋਂ ਧਰੁਵਾਂ ਵੱਲ ਜਾਈਏ, ਗਰਮੀ _____ ਜਾਂਦੀ ਹੈ।	ਘੱਟਦੀ
2	ਸਰਦੀਆਂ ਵਿੱਚ ਤਾਮਿਲਨਾਡੂ ਦੇ ਤੱਟ ਤੇ ਵਰਖਾ ਦਾ ਕੀ ਕਾਰਨ ਹੈ, ਚੁਣੋ -	ਦੱਖਣ ਪੱਛਮੀ ਮਾਨਸੂਨ
3	ਭਾਰਤ ਵਿੱਚ ਅਧਿਕਤਮ ਵਰਖਾ ਵਾਲਾ ਸ਼ਹਿਰ ਇਨ੍ਹਾਂ ਵਿੱਚੋਂ ਕਿਹੜਾ ਹੈ?	ਮਾਅਸਿਨਰਮ
4	ਪੰਜਾਬ ਵਿੱਚ ਸਰਦੀਆਂ ਦੀ ਵਰਖਾ ਦਾ ਕੀ ਕਾਰਨ ਹੈ, ਚੁਣੋ -	ਪੱਛਮੀ ਚੱਕਰਵਾਤੀ ਧਰੁਵੀ ਪੌਣਾਂ
5	ਸੁਨਾਮੀ ਕਿਹੜੀ ਭਾਸ਼ਾ ਦਾ ਸ਼ਬਦ ਹੈ, ਚੁਣੋ -	ਜਾਪਾਨੀ
6	ਨਕਸ਼ੇ ਉੱਤੇ ਸਮਾਨ ਵਰਖਾ ਖੇਤਰਾਂ ਨੂੰ ਜੋੜਨ ਵਾਲੀ ਰੇਖਾ ਨੂੰ ਕੀ ਕਹਿੰਦੇ ਹਨ?	ਆਈਸੋਹਾਇਟ
7	ਗਰਮ ਖੇਤਰਾਂ ਵਿੱਚ ਘੱਟ ਦਬਾਅ ਦਾ ਖੇਤਰ ਪੈਦਾ ਹੋਣ ਦੇ ਕਾਰਨ ਚੱਲਣ ਵਾਲੀਆਂ ਧੂੜ ਭਰੀਆਂ ਹਨੇਰੀਆਂ ਨੂੰ ਲੂ ਕਿਹਾ ਜਾਂਦਾ ਹੈ।	ਠੀਕ
8	ਜਲਵਾਯੂ ਵਿਗਿਆਨ ਨੂੰ ਅੰਗਰੇਜ਼ੀ ਵਿੱਚ Climatology ਕਿਹਾ ਜਾਂਦਾ ਹੈ?	ਠੀਕ
9	ਤਾਪਮਾਨ ਦੇ ਵੱਧਣ ਨਾਲ ਵਾਯੂਦਾਬ _____ ਹੋ ਜਾਂਦਾ ਹੈ।	ਘੱਟ
10	ਭਾਰਤ ਵਿੱਚ ਸਭ ਤੋਂ ਘੱਟ ਵਰਖਾ ਵਾਲਾ ਖੇਤਰ ਪੱਛਮੀ ਰਾਜਸਥਾਨ, ਗੁਜਰਾਤ ਦਾ ਕੱਛ ਖੇਤਰ ਹੈ।	ਠੀਕ
11	ਮੌਨਸੂਨ ਤੋਂ ਭਾਵ ਮੌਸਮੀ ਪੌਣਾਂ ਤੋਂ ਹੈ ਜੋ ਮੌਸਮ ਬਦਲਣ ਤੇ ਦਿਸ਼ਾ ਬਦਲ ਲੈਂਦੀਆਂ ਹਨ।	ਠੀਕ
12	ਹੇਠ ਲਿਖਿਆਂ ਵਿੱਚੋਂ ਕਿਹੜੀ ਕਿਸਮ ਵਰਖਾ ਦੀ ਕਿਸਮ ਨਹੀਂ ਹੈ?	ਪਠਾਰੀ
13	ਸਮੁੰਦਰ ਤਲ ਤੋਂ ਦੂਰੀ, ਉਚਾਈ, ਭੂ-ਮੱਧ ਰੇਖਾ ਤੋਂ ਦੂਰੀ ਅਤੇ ਪੌਣਾਂ ਆਦਿ ਜਲਵਾਯੂ ਤੇ ਅਸਰ ਨਹੀਂ ਪਾਉਂਦੀਆਂ।	ਗਲਤ
14	ਭਾਰਤ ਵਿੱਚ ਲਗਭੱਗ _____ ਵਰਖਾ ਮਾਨਸੂਨ ਪੌਣਾਂ ਦੇ ਕਾਰਨ ਹੁੰਦੀ ਹੈ।	90%
15	ਭਾਰਤ ਦੇ ਮੱਧ ਵਿੱਚੋਂ ਕਿਹੜੀ ਰੇਖਾ ਲੰਘਦੀ ਹੈ?	ਕਰਕ ਰੇਖਾ
16	ਸੁੱਕੀ ਅਤੇ ਗਿੱਲੀ ਗੋਲੀ ਦਾ ਥਰਮਾਮੀਟਰ ਹਵਾ ਦੀ ਨਮੀ ਮਾਪਣ ਲਈ ਵਰਤਿਆ ਜਾਂਦਾ ਹੈ।	ਠੀਕ
17	ਐਨੀਰਾਇਡ ਬੈਰੋਮੀਟਰ ਰਾਹੀਂ _____ ਪਤਾ ਲਾਇਆ ਜਾਂਦਾ ਹੈ।	ਵਾਯੂ-ਦਾਬ

18	_____ ਦੀ ਵਰਤੋਂ ਤਾਪਮਾਨ ਮਾਪਣ ਲਈ ਕੀਤੀ ਜਾਂਦੀ ਹੈ।	ਥਰਮਾਮੀਟਰ
19	ਭਾਰਤ ਵਿੱਚ ਸਭ ਤੋਂ ਜ਼ਿਆਦਾ ਠੰਢੀ ਥਾਂ ਜੰਮੂ ਕਸ਼ਮੀਰ ਵਿੱਚ ਦਰਾਸ ਦੀ ਘਾਟੀ ਹੈ, ਜਿੱਥੇ ਸਰਦੀਆਂ ਵਿੱਚ ਤਾਪਮਾਨ _____ ਡਿਗਰੀ ਸੈਂਟੀਗਰੇਡ ਤੱਕ ਪੁੱਜ ਜਾਂਦਾ ਹੈ।	-45
20	ਨਕਸ਼ੇ ਉੱਤੇ ਖਿੱਚੀ ਗਈ ਉਹ ਰੇਖਾ ਜੋ ਸਮਾਨ ਤਾਪਮਾਨ ਵਾਲੀਆਂ ਥਾਵਾਂ ਨੂੰ ਮਿਲਾਉਂਦੀ ਹੈ -	ਆਈਸੋਥਰਮ
21	ਧਰਤੀ ਦੇ ਦੈਨਿਕ ਗਤੀ ਦੇ ਕਾਰਨ ਦੱਖਣੀ ਅਰਧ ਗੋਲੇ ਵਿੱਚ ਪੌਣਾਂ ਅਤੇ ਹੋਰ ਸੁਤੰਤਰ ਵਗਦੇ ਵੇਗ ਆਪਣੇ _____ ਪਾਸੇ ਮੁੜ ਜਾਂਦੇ ਹਨ।	ਖੱਬੇ
22	ਭੂ-ਮੱਧ ਰੇਖਾ ਉੱਪਰ ਕਿਹੜੀ ਵਰਖਾ ਹੁੰਦੀ ਹੈ?	ਸੰਵਹਿਣ ਵਰਖਾ
23	ਜੈਟ ਸਟਰੀਮ ਵਾਯੂ ਮੰਡਲ ਦੇ ਉੱਚ ਭਾਗਾਂ ਵਿੱਚ ਬੜੀ ਤੇਜ਼ ਚਲਣ ਵਾਲੀ ਪੱਛਮੀ ਪੌਣ ਹੈ।	ਠੀਕ
24	ਜਿਉਂ ਜਿਉਂ ਭੂ-ਮੱਧ ਰੇਖਾ ਤੋਂ ਧਰੁਵਾਂ ਵੱਲ ਜਾਈਏ, ਗਰਮੀ _____ ਜਾਂਦੀ ਹੈ।	ਘੱਟਦੀ
25	ਮੌਸਮ ਇੱਕ ਦਿਨ ਵਿੱਚ ਕਈ ਵਾਰ ਬਦਲ ਸਕਦਾ ਹੈ, ਪਰ ਜਲਵਾਯੂ ਨਹੀਂ ਬਦਲਦੀ।	ਠੀਕ
26	ਕਿਸੇ ਥਾਂ ਦੇ ਵਿਸ਼ੇਸ਼ ਸਮੇਂ ਉੱਤੇ ਉਸ ਥਾਂ ਦੇ ਤਾਪਮਾਨ, ਵਰਖਾ, ਸੂਰਜੀ ਰੋਸ਼ਨੀ, ਵਾਯੂ-ਦਾਬ ਅਤੇ ਪੌਣਾਂ ਦੀ ਹਾਲਾਤ ਨੂੰ _____ ਕਹਿੰਦੇ ਹਨ।	ਮੌਸਮ

ਪਾਠ 5 - ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਨ

1	ਭਾਰਤ ਦਾ 21.53% ਹਿੱਸਾ ਹੀ ਜੰਗਲਾਂ ਹੇਠ ਹੈ।	ਠੀਕ
2	ਕਿਸੇ ਖੇਤਰ ਜਾਂ ਕਿਸੇ ਸਮੇਂ ਵਿੱਚ ਮੌਜੂਦ ਸਾਰੇ ਪ੍ਰਾਣੀਆਂ ਨੂੰ _____ ਕਿਹਾ ਜਾਂਦਾ ਹੈ।	ਫੌਨਾ (Fauna)
3	ਕਿਸੇ ਖੇਤਰ ਜਾਂ ਕਿਸੇ ਸਮੇਂ ਵਿੱਚ ਮੌਜੂਦ ਸਾਰੀ ਬਨਸਪਤੀ ਨੂੰ _____ ਕਿਹਾ ਜਾਂਦਾ ਹੈ।	ਫਲੋਰਾ (Flora)
4	ਕੁਦਰਤੀ ਬਨਸਪਤੀ ਜਾਂ ਜੰਗਲ ਉਹ ਰੁੱਖ ਹੁੰਦੇ ਹਨ ਜਿਨ੍ਹਾਂ ਉੱਪਰ ਮਨੁੱਖ ਦਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ _____।	ਕੋਈ ਪ੍ਰਭਾਵ ਨਹੀਂ ਹੁੰਦਾ
5	ਭਾਰਤੀ ਜੰਗਲ ਸਰਵੇਖਣ ਵਿਭਾਗ ਦਾ ਮੁੱਖ ਦਫਤਰ _____ ਵਿਖੇ ਹੈ।	ਦੇਹਰਾਦੂਨ
6	ਸੰਸਾਰ ਦੇ ਸਾਰੇ ਖੇਤਰਾਂ ਵਿੱਚ ਕੁਦਤਰੀ ਬਨਸਪਤੀ ਇੱਕੋ ਜਿਹੀ ਹੁੰਦੀ ਹੈ।	ਗਲਤ
7	ਪੌਦੇ _____ ਵਿੱਚ ਆਪਣਾ ਭੋਜਨ ਤਿਆਰ ਕਰਦੇ ਹਨ। ਇਸ ਵਿਧੀ ਨੂੰ ਪ੍ਰਕਾਸ਼ ਸੰਸਲੇਸ਼ਣ ਕਿਹਾ ਜਾਂਦਾ ਹੈ।	ਸੂਰਜ ਦੀ ਰੋਸ਼ਨੀ
8	_____ ਸਿਨਕੋਨਾ ਰੁੱਖ ਦੀ ਛਿੱਲ ਕੁਨੀਨ ਦੀ ਦਵਾਈ ਬਣਾਉਣ ਲਈ ਵਰਤੀ ਜਾਂਦੀ ਹੈ।	ਸਿਨਕੋਨਾ

9	ਕਿਸ ਕਿਸਮ ਦੇ ਜੰਗਲਾਂ ਨੂੰ ਵਰਖਾ ਜੰਗਲ ਵੀ ਕਿਹਾ ਜਾਂਦਾ ਹੈ?	ਊਸ਼ਣ ਸਦਾਬਹਾਰ ਜੰਗਲ
10	_____ ਦੇ ਰੁੱਖ ਮੌਸਮ ਦੇ ਹਿਸਾਬ ਨਾਲ ਪੱਤੇ ਝਾੜ ਦਿੰਦੇ ਹਨ।	ਊਸ਼ਣ ਪੱਤਝੜੀ ਜਾਂ ਮੌਨਸੂਨ ਜੰਗਲ
11	_____ ਦਰਿਆਂਵਾਂ ਦੇ ਡੈਲਟਿਆਂ ਦੇ ਇਲਾਕੇ ਵਿੱਚ ਸਮੁੰਦਰੀ ਤੱਟਾਂ ਦੇ ਨਾਲ-ਨਾਲ ਮਿਲਦੇ ਹਨ।	ਜਵਾਰੀ ਜਾਂ ਮੈਂਗਰੂਵ ਜੰਗਲ
12	ਗੰਗਾ ਅਤੇ ਬ੍ਰਹਮਪੁੱਤਰ ਦਰਿਆਵਾਂ ਦੇ ਡੈਲਟਾ ਖੇਤਰ ਵਿੱਚ ਮਿਲਣ ਵਾਲੇ ਜੰਗਲਾਂ ਨੂੰ _____ ਦਾ ਨਾਮ ਦਿੱਤਾ ਗਿਆ ਹੈ।	ਸੁੰਦਰਬਨ
13	ਕੋਣਧਾਰੀ ਜੰਗਲਾਂ ਦੇ ਦਰੱਖਤ ਨੁਕੀਲੇ ਅਤੇ ਲੰਬੇ ਹੁੰਦੇ ਹਨ, ਜਿਹਨਾਂ ਦੇ ਪੱਤੇ ਸੂਈਆਂ ਵਰਗੇ ਤਿੱਖੇ ਹੁੰਦੇ ਹਨ।	ਠੀਕ
14	ਇਸ ਵੇਲੇ ਪੰਜਾਬ ਦੇ ਕੁੱਲ ਖੇਤਰਫਲ ਦਾ ਸਿਰਫ 3.65% ਹਿੱਸਾ ਹੀ ਬਨਸਪਤੀ ਜਾਂ ਜੰਗਲਾਂ ਹੇਠ ਹੈ।	ਠੀਕ
15	ਕੁਦਰਤੀ ਬਨਸਪਤੀ ਜਾਂ ਜੰਗਲਾਂ ਨੂੰ ਮਨੁੱਖੀ ਸਮਾਜ ਦੇ _____ ਕਿਹਾ ਜਾਂਦਾ ਹੈ।	ਫੇਫੜੇ
16	ਕੁਦਰਤੀ ਸੰਤੁਲਨ ਦੇ ਲਿਹਾਜ਼ ਨਾਲ ਕਿਸੇ ਦੇਸ਼ ਜਾਂ ਰਾਜ ਦਾ _____ ਹਿੱਸਾ ਜੰਗਲਾਂ ਜਾਂ ਕੁਦਰਤੀ ਬਨਸਪਤੀ ਹੇਠ ਹੋਣਾ ਚਾਹੀਦਾ ਹੈ।	33%
17	_____ ਖਾਂਸੀ, ਜ਼ੁਕਾਮ ਅਤੇ ਬੁਖਾਰ ਦੀ ਸੂਰਤ ਵਿੱਚ ਵਰਤੀ ਜਾਂਦੀ ਹੈ।	ਤੁਲਸੀ
18	ਮਨੁੱਖ ਤੇ ਚਾਰੇ ਮੰਡਲਾਂ ਦਾ ਇੱਕ ਦੂਜੇ ਤੇ ਨਿਰਭਰ ਹੋਣਾ ਹੀ Ecosystem ਅਖਵਾਉਂਦਾ ਹੈ।	ਠੀਕ
19	ਦੇਸ਼ ਵਿੱਚ 18 ਰਾਖਵੇਂ ਜੰਗਲ, 103 ਕੌਮੀ ਪਾਰਕ ਤੇ 544 ਜੀਵ ਪਨਾਹਗਾਹਾਂ ਹਨ।	ਠੀਕ
20	ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦਾ ਗਠਨ _____ ਈ. ਵਿੱਚ ਹੋਇਆ।	1952
21	ਪ੍ਰਸਿੱਧ ਰਾਸ਼ਟਰੀ ਪਾਰਕ ਕਾਜ਼ੀਰੰਗਾ ਭਾਰਤ ਦੇ ਕਿਸ ਦੇ ਰਾਜ ਵਿੱਚ ਹੈ?	ਆਸਾਮ
22	_____ ਜਿਸ ਨੂੰ ਬਰਫ ਦਾ ਬਲਦ ਕਿਹਾ ਜਾਂਦਾ ਹੈ, ਲੱਦਾਖ ਵਿੱਚ ਮਿਲਦਾ ਹੈ।	ਯਾਕ
23	_____ ਇੱਕ ਬਹੁਤ ਹੀ ਸੁੰਦਰ ਕਿਸਮ ਦਾ ਹਿਰਨ ਹੈ, ਜਿਸ ਤੋਂ ਕਸਤੂਰੀ ਪ੍ਰਾਪਤ ਹੁੰਦੀ ਹੈ।	ਥੰਮਨ
24	ਪੰਜਾਬ ਦੇ ਕਿਹੜੇ ਜ਼ਿਲ੍ਹੇ ਵਿੱਚ ਜੰਗਲੀ ਖੇਤਰ ਸਭ ਤੋਂ ਘੱਟ (1.26%) ਹੈ?	ਮਾਨਸਾ
25	ਪੰਜਾਬ ਦਾ 1837 ਵਰਗ ਕਿਮੀ. ਇਲਾਕਾ ਵਣਾਂ ਹੇਠ ਹੈ ਜੋ 3.65 ਫੀਸਦੀ ਬਣਦਾ ਹੈ।	ਠੀਕ
26	_____ ਮੰਡਲ ਵਿੱਚ ਬਨਸਪਤੀ ਉੱਗਦੀ ਹੈ ਤੇ ਮਿੱਟੀ ਦੀ ਕਿਸਮ ਬਨਸਪਤੀ ਉੱਤੇ ਅਸਰ ਪਾਉਂਦੀ ਹੈ।	ਜੀਵ

27	ਧਰਤੀ ਦਾ ਉਹ ਮੰਡਲ ਕਿਹੜਾ ਹੈ ਜਿਸ ਵਿੱਚ ਜੀਵਨ ਹੈ?	ਜੀਵਮੰਡਲ
28	ਚਿੰਕਾਰਾ ਇੱਕ ਛੱਲੇਦਾਰ ਸਿੰਗਾਂ ਵਾਲਾ _____ ਹੈ।	ਹਿਰਨ
29	ਪੰਜਾਬ ਦੇ ਕਈ ਖੇਤਰਾਂ ਵਿੱਚ ਸੰਘਣੀ ਬਨਸਪਤੀ ਦੇ ਛੋਟੇ-2 ਟੁਕੜਿਆਂ ਨੂੰ ਬੀੜ ਜਾਂ ਝਿੜੀ ਕਿਹਾ ਜਾਂਦਾ ਹੈ।	ਠੀਕ
30	ਉਪ-ਊਸ਼ਣ ਝਾੜੀਦਾਰ ਬਨਸਪਤੀ ਵਿੱਚ ਮਿਲਣ ਵਾਲੇ ਲੰਬੀ ਕਿਸਮ ਦੇ ਘਾਹ ਦਾ ਨਾਂ - ਸਰਕੰਡਾ ਹੈ।	ਠੀਕ
31	ਝਾੜੀਆਂ ਤੇ ਕੰਡੇਦਾਰ ਜੰਗਲੀ ਇਲਾਕਿਆਂ ਵਿੱਚ ਮਿਲਣ ਵਾਲੇ ਜਾਨਵਰ ਊਠ, ਸ਼ੇਰ, ਬੱਬਰ ਸ਼ੇਰ, ਖਰਗੋਸ਼ ਅਤੇ ਚੂਹੇ ਆਦਿ ਹਨ।	ਠੀਕ
32	_____ ਜ਼ਿਲ੍ਹੇ ਵਿੱਚ ਕੁਦਰਤੀ ਬਨਸਪਤੀ ਜਾਂ ਜੰਗਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵੱਧ ਹਨ।	ਹੁਸ਼ਿਆਰਪੁਰ

ਪਾਠ 6 - ਜਨਸੰਖਿਆ ਜਾਂ ਵਸੋਂ

1	ਭਾਰਤ ਵਿੱਚ ਜਨਗਣਨਾ ਸੰਨ _____ ਤੋਂ ਕੀਤੀ ਜਾ ਰਹੀ ਹੈ।	1872
2	ਇਸ ਵੇਲੇ ਸੰਸਾਰ ਦੇ ਲਗਭੱਗ _____ ਵਿਅਕਤੀਆਂ ਵਿੱਚੋਂ 1 ਵਿਅਕਤੀ ਭਾਰਤੀ ਹੈ।	6
3	ਸਰਕਾਰੀ ਤੌਰ ਤੇ ਹਰ _____ ਸਾਲ ਬਾਅਦ ਕੀਤੀ ਜਾਂਦੀ ਜਨਸੰਖਿਆ ਦੀ ਗਿਣਤੀ ਨੂੰ ਜਨਗਣਨਾ ਜਾਂ ਮਰਦਮਸ਼ੁਮਾਰੀ ਕਿਹਾ ਜਾਂਦਾ ਹੈ।	10
4	ਇਨ੍ਹਾਂ ਵਿੱਚੋਂ ਕਿਹੜੇ ਰਾਜ ਦੀ ਵੱਸੋਂ ਘਣਤਾ 2011 ਦੀ ਜਨਗਣਨਾ ਅਨੁਸਾਰ ਸਭ ਤੋਂ ਵੱਧ ਹੈ?	ਬਿਹਾਰ
5	ਇੱਕ ਸਥਾਨ ਤੋਂ ਨਵੀਂ ਥਾਂ ਜਾ ਕੇ ਵਸਣ ਦੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ?	ਪਰਵਾਸ
6	2011 ਦੀ ਜਨਗਣਨਾ ਅਨੁਸਾਰ ਪੰਜਾਬ ਦਾ ਕਿੰਨੇ ਫੀਸਦੀ ਕਾਮੇ ਖੇਤੀ ਤੇ ਸੰਬੰਧਿਤ ਕਿੱਤਿਆਂ ਵਿੱਚ ਹਨ?	35.5
7	ਸਾਖਰਤਾ, ਸਿਹਤ ਅਤੇ ਆਮਦਨੀ ਆਦਿ ਕਿਸੇ ਦੇਸ਼ ਦਾ ਸਮਾਜਿਕ ਅਤੇ ਆਰਥਿਕ ਵਿਕਾਸ ਪਤਾ ਕਰਨ ਲਈ ਜ਼ਰੂਰੀ ਤੱਤ ਹਨ।	ਠੀਕ
8	ਵਿਸ਼ਵ ਜਨਸੰਖਿਆ ਦਿਵਸ ਕਦੋਂ ਮਨਾਇਆ ਜਾਂਦਾ ਹੈ?	11 ਜੁਲਾਈ
9	ਭਾਰਤ ਵਿੱਚ ਕਿਸ ਰਾਜ ਦੀ ਜਨਸੰਖਿਆ ਸਭ ਤੋਂ ਵੱਧ ਹੈ?	ਉੱਤਰ ਪ੍ਰਦੇਸ਼
10	ਭਾਰਤ ਵਿੱਚ ਕਿਸ ਰਾਜ ਦੀ ਜਨਸੰਖਿਆ ਸਭ ਤੋਂ ਘੱਟ ਹੈ?	ਸਿੱਕਿਮ
11	ਆਬਾਦੀ ਪੱਖੋਂ ਪੰਜਾਬ ਦਾ ਭਾਰਤ ਵਿੱਚ _____ ਸਥਾਨ ਹੈ।	15ਵਾਂ
12	2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਵੱਸੋਂ ਘਣਤਾ ਕਿੰਨੀ ਹੈ?	551 ਵਿਅਕਤੀ ਪ੍ਰਤੀ ਵਰਗ ਕਿਮੀ.

13	2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਵੱਸੋਂ ਘਣਤਾ ਕਿੰਨੀ ਹੈ?	382 ਵਿਅਕਤੀ ਪ੍ਰਤੀ ਵਰਗ ਕਿਮੀ.
14	ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਅਤੇ ਦਿੱਲੀ ਕ੍ਰਮਵਾਰ ਸਭ ਤੋਂ ਘੱਟ ਅਤੇ ਸਭ ਤੋਂ ਵੱਧ ਸੰਘਣੀ ਆਬਾਦੀ ਵਾਲੇ ਪ੍ਰਦੇਸ਼ ਹਨ।	ਠੀਕ
15	ਪੰਜਾਬ ਦੇ ਕਿਸ ਜ਼ਿਲ੍ਹੇ ਵਿੱਚ ਵੱਸੋਂ ਘਣਤਾ ਸਭ ਤੋਂ ਵੱਧ (978) ਹੈ?	ਲੁਧਿਆਣਾ
16	ਭਾਰਤ ਦੇ ਕਿਸ ਰਾਜ ਦੀ ਵੱਸੋਂ ਘਣਤਾ ਸਭ ਤੋਂ ਘੱਟ (17) ਹੈ?	ਅਰੁਣਾਚਲ ਪ੍ਰਦੇਸ਼
17	2011 ਦੀ ਜਨਗਣਨਾ ਅਨੁਸਾਰ ਭਾਰਤ ਦਾ ਲਿੰਗ ਅਨੁਪਾਤ ਕਿੰਨਾ ਹੈ?	943
18	ਪੰਜਾਬ ਦਾ ਲਿੰਗ ਅਨੁਪਾਤ ਕਿੰਨਾ ਹੈ?	895
19	ਇੱਕ ਸਾਲ ਵਿੱਚ ਜਨਮ ਅਤੇ ਮੌਤ ਦਰ ਵਿੱਚ ਅੰਤਰ ਨੂੰ _____ ਕਹਿੰਦੇ ਹਨ।	ਕੁਦਰਤੀ ਵਾਧਾ ਦਰ
20	_____ ਸਾਲ ਤੱਕ ਦੇ ਵਿਅਕਤੀਆਂ ਨੂੰ ਬਾਲਗ ਜਾਂ ਕਾਮਾ-ਗੁੱਟ ਵਿੱਚ ਰੱਖਿਆ ਜਾਂਦਾ ਹੈ।	15 ਤੋਂ 64
21	ਭਾਰਤ ਦੇ _____ ਰਾਜ ਵਿੱਚ ਲਿੰਗ ਅਨੁਪਾਤ ਸਭ ਤੋਂ ਜ਼ਿਆਦਾ (1084) ਹੈ।	ਕੇਰਲ
22	ਪੰਜਾਬ ਦਾ ਖੇਤਰਫਲ 50,362 ਵਰਗ ਕਿਮੀ. ਹੈ।	ਠੀਕ
23	2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਸਾਖਰਤਾ ਦਰ ਕਿੰਨੀ ਹੈ?	73.0%
24	2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 75.8% ਹੈ।	ਠੀਕ
25	ਪੰਜਾਬ ਦੇ ਕਿਸ ਜ਼ਿਲ੍ਹੇ ਦੀ ਸਾਖਰਤਾ ਦਰ ਸਭ ਤੋਂ ਵੱਧ (84.60%) ਹੈ?	ਹੁਸ਼ਿਆਰਪੁਰ
26	ਪੰਜਾਬ ਦੇ ਕਿਸ ਜ਼ਿਲ੍ਹੇ ਦੀ ਸਾਖਰਤਾ ਦਰ ਸਭ ਤੋਂ ਘੱਟ (61.80%) ਹੈ?	ਮਾਨਸਾ
27	2011 ਦੀ ਜਨਗਣਨਾ ਅਨੁਸਾਰ ਭਾਰਤ ਦੇ ਕਿਸ ਰਾਜ ਦੀ ਸਾਖਤਰਾ ਦਰ ਸਭ ਤੋਂ ਘੱਟ (61.8%) ਹੈ?	ਬਿਹਾਰ
28	_____ ਔਰਤਾਂ ਦੀ ਸਾਖਰਤਾ ਦਰ 52.1% ਨਾਲ ਸਭ ਤੋਂ ਪਿਛਲਾ ਰਾਜ ਹੈ।	ਰਾਜਸਥਾਨ
29	ਪੰਜਾਬ ਵਿੱਚ ਭਾਰਤ ਦੀ 2.3% ਵੱਸੋਂ ਨਿਵਾਸ ਕਰਦੀ ਹੈ।	ਠੀਕ
30	ਪੰਜਾਬ ਦੇ 12,581 ਪਿੰਡ ਅਤੇ 217 ਛੋਟੇ-ਵੱਡੇ ਸ਼ਹਿਰ ਹਨ।	ਠੀਕ
31	ਪੰਜਾਬ ਦੇ ਕਿਸ ਜ਼ਿਲ੍ਹੇ ਵਿੱਚ ਸ਼ਹਿਰੀ ਵੱਸੋਂ ਸਭ ਤੋਂ ਘੱਟ ਹੈ?	ਤਰਨਤਾਰਨ

ਅਰਥ ਸ਼ਾਸਤਰ : ਪਾਠ 1 - ਇੱਕ ਪਿੰਡ ਦੀ ਕਹਾਣੀ

1	ਕਿਸੇ ਵਸਤੂ ਜਾਂ ਸੇਵਾ ਵਿੱਚ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਨੂੰ ਉਪਯੋਗਤਾ ਜਾਂ ਤੁਸ਼ਟੀਗੁਣ ਕਿਹਾ ਜਾਂਦਾ ਹੈ।	ਠੀਕ
2	ਉਹ ਵਸਤਾਂ ਅਤੇ ਸੇਵਾਵਾਂ ਜੋ ਸਾਡੀਆਂ ਲੋੜਾਂ ਪੂਰੀਆਂ ਕਰਦੀਆਂ ਹਨ, ਨੂੰ _____ ਕਿਹਾ ਜਾਂਦਾ ਹੈ।	ਸਾਧਨ
3	ਮਨੁੱਖ ਵੱਲੋਂ ਸੀਮਤ ਸਾਧਨਾਂ ਨਾਲ ਅਸੀਮਤ ਲੋੜਾਂ ਦੀ ਪੂਰਤੀ ਕਰਨ ਵਾਲੇ ਵਿਵਹਾਰ ਦੇ ਅਧਿਐਨ ਨੂੰ _____ ਕਿਹਾ ਜਾਂਦਾ ਹੈ।	ਅਰਥਸ਼ਾਸਤਰ
4	_____ ਛੂਹਣਯੋਗ ਚੀਜ਼ਾਂ ਹਨ ਜੋ ਮਨੁੱਖੀ ਲੋੜਾਂ ਨੂੰ ਸੰਤੁਸ਼ਟ ਕਰਦੀਆਂ ਹਨ।	ਵਸਤਾਂ
5	ਅਜਿਹੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ, ਜਿਨ੍ਹਾਂ ਦੀ ਉਪਯੋਗਤਾ ਨੂੰ ਮਾਨਣ ਲਈ ਅਸੀਂ ਕੀਮਤ ਦਿੰਦੇ ਹਾਂ, ਨੂੰ _____ ਕਿਹਾ ਜਾਂਦਾ ਹੈ।	ਧਨ
6	ਰੁਪਏ, ਸਿੱਕੇ ਅਤੇ ਚੈੱਕ _____ ਦੇ ਵੱਖ-2 ਰੂਪ ਹਨ।	ਮੁਦਰਾ
7	ਮਨੁੱਖ ਦੀਆਂ ਲੋੜਾਂ _____ ਹਨ।	ਅਸੀਮਤ
8	_____ ਜ਼ੋਖਿਮ ਉਠਾਉਂਦਾ ਹੈ।	ਉੱਦਮੀ
9	ਭੂਮੀ ਉਤਪਾਦਨ ਦਾ ਕੁਦਰਤੀ ਸਾਧਨ ਹੈ।	ਠੀਕ
10	ਇੱਕ ਸਾਲ ਵਿੱਚ ਭੂਮੀ ਦੇ ਇੱਕ ਟੁਕੜੇ ਤੇ ਇੱਕ ਤੋਂ ਜ਼ਿਆਦਾ ਫਸਲਾਂ ਪੈਦਾ ਕਰਨ ਨੂੰ ਬਹੁ-ਫਸਲੀ ਪ੍ਰਣਾਲੀ ਕਹਿੰਦੇ ਹਨ।	ਠੀਕ
11	ਪੰਜਾਬ ਨੂੰ ਦੇਸ਼ ਦੀ _____ ਵਜੋਂ ਵੀ ਜਾਣਿਆ ਜਾਂਦਾ ਹੈ।	ਅਨਾਜ-ਟੋਕਰੀ
12	ਕੁੱਝ ਮਜ਼ਦੂਰ ਜਿਹੜੇ ਕੰਮ ਲਈ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਪ੍ਰਵਾਸ ਕਰਦੇ ਹਨ, ਨੂੰ _____ ਕਹਿੰਦੇ ਹਨ।	ਪ੍ਰਵਾਸੀ ਮਜ਼ਦੂਰ
13	ਉਤਪਾਦਨ ਦਾ ਕਿਹੜਾ ਕਾਰਕ ਅਚਲ ਹੈ?	ਭੂਮੀ
14	ਆਰਥਿਕ ਕਿਰਿਆ ਜਿਹੜੀ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਜਾਂ ਉਪਯੋਗਤਾ ਦੇ ਵਾਧੇ ਨਾਲ ਜੁੜੀ ਹੋਈ ਹੈ, _____ ਅਖਵਾਉਂਦੀ ਹੈ।	ਉਤਪਾਦਨ
15	ਖੇਤੀ ਵਿੱਚ ਵਿਸ਼ੇਸ਼ ਕਰਕੇ ਕਣਕ ਅਤੇ ਧਾਨ ਦੇ ਉਤਪਾਦਨ ਵਿੱਚ ਅਸਾਧਾਰਣ ਵਾਧੇ ਨੂੰ ਕਹਿੰਦੇ ਹਨ -	ਹਰੀ ਕ੍ਰਾਂਤੀ
16	ਇੰਗਲੈਂਡ ਦੀ ਮੁਦਰਾ ਕਿਹੜੀ ਹੈ?	ਪੌਂਡ
17	ਭੂਮੀ ਦੀ ਪੂਰਤੀ ਸੀਮਤ ਹੈ।	ਸਹੀ

18	ਮਨੁੱਖ ਦੀਆਂ ਸੀਮਤ ਲੋੜਾਂ ਅਸੀਮਤ ਸਾਧਨਾਂ ਨਾਲ ਪੂਰੀਆਂ ਹੁੰਦੀਆਂ ਹਨ।	ਗਲਤ
19	ਕਿਰਤ ਦੀ ਪੂਰਤੀ ਨੂੰ ਵਧਾਇਆ ਅਤੇ ਘਟਾਇਆ ਨਹੀਂ ਜਾ ਸਕਦਾ।	ਗਲਤ
20	ਮਸ਼ੀਨ ਅਤੇ ਜਾਨਵਰਾਂ ਦੁਆਰਾ ਕਰਵਾਇਆ ਗਿਆ ਕੰਮ ਕਿਰਤ ਹੈ।	ਗਲਤ
21	ਬਾਜ਼ਾਰ ਵਿੱਚ ਵਸਤੂਆਂ ਦੀ ਕੀਮਤ ਵੱਧ ਹੋਣ ਤੇ ਉਹਨਾਂ ਦੀ ਮੰਗ ਵੱਧ ਜਾਂਦੀ ਹੈ।	ਗਲਤ
22	ਮਾਂ ਦੁਆਰਾ ਆਪਣੇ ਬੱਚੇ ਨੂੰ ਪੜ੍ਹਾਉਣ ਦੀ ਕਿਰਿਆ ਕਿਰਤ ਹੈ ਜਾਂ ਨਹੀਂ।	ਨਹੀਂ
23	ਪਰਾਲੀ ਦਾ ਵਿਸ਼ੇਸ਼ ਪ੍ਰਬੰਧ ਨਾ ਹੋਣ ਕਰਕੇ ਕਿਸਾਨ ਉਸ ਪਰਾਲੀ ਨੂੰ ਅੱਗ ਲਗਾਉਂਦੇ ਹਨ।	ਠੀਕ
24	ਵਸਤੂਆਂ ਦੀ ਵਿਕਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਦੇ ਬਦਲੇ ਇੱਕ ਵਿਅਕਤੀ ਨੂੰ ਜੋ ਰਾਸ਼ੀ ਪ੍ਰਾਪਤ ਹੁੰਦੀ ਹੈ, ਉਸਨੂੰ _____ ਕਹਿੰਦੇ ਹਨ।	ਆਮਦਨ
25	ਜੋ ਕਿਰਿਆਵਾਂ ਧਨ ਕਮਾਉਣ ਦੇ ਉਦੇਸ਼ ਨਾਲ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ _____ ਜਾਂਦਾ ਹੈ।	ਆਰਥਿਕ ਕਿਰਿਆਵਾਂ
26	ਵਸਤੂਆਂ ਦੇ ਉਤਪਾਦਨ ਦੇ ਲਈ ਚਾਰ ਉਤਪਾਦਨ ਕਾਰਕਾਂ ਭੂਮੀ, ਕਿਰਤ, ਪੂੰਜੀ ਅਤੇ ਉੱਦਮੀ ਦੀ ਲੋੜ ਹੁੰਦੀ ਹੈ।	ਸਹੀ
27	ਇੱਕ ਏਕੜ ਵਿੱਚ _____ ਕਨਾਲ ਅਤੇ ਇੱਕ ਕਨਾਲ ਵਿੱਚ 20 ਮਰਲੇ ਹੁੰਦੇ ਹਨ।	8

ਪਾਠ 2 - ਮਨੁੱਖੀ ਸੰਸਾਧਨ

1	ਉਹ ਸਾਰੀਆਂ ਗਤੀਵਿਧੀਆਂ ਜੋ ਕਿ ਮਨੁੱਖ ਦੁਆਰਾ ਧਨ ਕਮਾਉਣ ਲਈ ਕੀਤੀਆਂ ਜਾਂਦੀਆਂ ਹਨ, ਨੂੰ _____ ਕਹਿੰਦੇ ਹਨ।	ਆਰਥਿਕ ਕਿਰਿਆਵਾਂ
2	ਭਾਰਤ ਦਾ ਦੁਨੀਆਂ ਵਿੱਚ ਜਨਸੰਖਿਆ ਦੇ ਆਕਾਰ ਵਜੋਂ _____ ਸਥਾਨ ਹੈ।	ਦੂਜਾ
3	ਅਨਪੜ੍ਹ ਲੋਕ ਸਮਾਜ ਲਈ ਪਰਿਸੰਪਤੀ ਦੇ ਬਜਾਏ ਜ਼ਿੰਮੇਵਾਰੀ ਬਣਦੇ ਹਨ।	ਸਹੀ
4	ਦੇਸ਼ ਦੀ ਜਨਸੰਖਿਆ ਦਾ ਆਕਾਰ, ਇਸ ਦੀ ਕੁਸ਼ਲਤਾ, ਵਿੱਦਿਅਕ ਗੁਣ, ਉਤਪਾਦਕਤਾ ਆਦਿ _____ ਕਹਾਉਂਦੇ ਹਨ।	ਮਨੁੱਖੀ ਸਾਧਨ
5	_____ ਖੇਤਰ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਉਤਪਾਦਨ ਕੀਤਾ ਜਾਂਦਾ ਹੈ।	ਮੁੱਢਲੇ
6	_____ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਹਾਇਤਾ ਕਰਦੀਆਂ ਹਨ।	ਆਰਥਿਕ ਕਿਰਿਆਵਾਂ
7	ਖੇਤੀਬਾੜੀ ਅਰਥਵਿਵਸਥਾ ਕਿਸ ਖੇਤਰ ਦੀ ਉਦਾਹਰਣ ਹੈ?	ਮੁੱਢਲਾ
8	ਖੇਤੀਬਾੜੀ ਖੇਤਰ ਵਿੱਚ 5 ਤੋਂ 7 ਮਹੀਨੇ ਬੇਰੁਜ਼ਗਾਰ ਰਹਿੰਦੇ ਹਨ। ਇਸ ਬੇਰੁਜ਼ਗਾਰੀ ਨੂੰ ਕੀ ਕਹਿੰਦੇ ਹਨ?	ਮੌਸਮੀ ਬੇਰੁਜ਼ਗਾਰੀ

9	ਭਾਰਤ ਵਿੱਚ ਜਨਸੰਖਿਆ ਦੀ ਕਾਰਜਸ਼ੀਲਤਾ ਉਮਰ ਹੱਦ ਕੀ ਹੈ?	15 ਸਾਲ ਤੋਂ 59 ਸਾਲ ਤੱਕ
10	2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਜਨਸੰਖਿਆ _____ ਹੈ।	1210.19 ਮਿਲੀਅਨ
11	ਇੱਕ ਗ੍ਰਿਹਿਣੀ ਦਾ ਆਪਣੇ ਘਰ ਵਿੱਚ ਕੰਮ ਕਰਨਾ ਇੱਕ ਆਰਥਿਕ ਕਿਰਿਆ ਹੈ।	ਗਲਤ
12	ਸ਼ਹਿਰਾਂ ਵਿੱਚ ਜ਼ਿਆਦਾ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।	ਗਲਤ
13	ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਨਾਲ ਦੇਸ਼ ਵਿਕਸਿਤ ਹੁੰਦਾ ਹੈ।	ਸਹੀ
14	ਅਰਥਵਿਵਸਥਾ ਦੇ ਵਿਕਾਸ ਲਈ ਇੱਕ ਦੇਸ਼ ਦੀ ਜਨਸੰਖਿਆ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ।	ਸਹੀ
15	ਸਾਲ 1951 ਤੋਂ ਲੈ ਕੇ ਸਾਲ 2011 ਤੱਕ ਭਾਰਤ ਦੀ ਸਾਖਰਤਾ ਦਰ ਵਿੱਚ ਵਾਧਾ ਹੋਇਆ ਹੈ।	ਸਹੀ
16	ਜਰਮਨੀ ਅਤੇ ਜਾਪਾਨ ਜਿਹੇ ਦੇਸ਼ਾਂ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕਿਵੇਂ ਕੀਤਾ?	ਮਨੁੱਖੀ ਪੂੰਜੀ ਨਿਰਮਾਣ ਵਿੱਚ ਨਿਵੇਸ਼ ਕਰਕੇ
17	ਸਭ ਤੋਂ ਵੱਧ ਸਾਖਰਤਾ ਦਰ ਵਾਲੇ ਰਾਜ ਦਾ ਨਾਂ ਦੱਸੋ।	ਕੇਰਲ
18	6 ਤੋਂ 14 ਸਾਲ ਤੱਕ ਦੀ ਉਮਰ ਵਰਗ ਦੇ ਸਾਰੇ ਬੱਚਿਆਂ ਨੂੰ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨ ਲਈ ਚੁੱਕੇ ਗਏ ਕਦਮ ਦਾ ਨਾਂ ਦੱਸੋ।	ਸਰਵ ਸਿੱਖਿਆ ਅਭਿਆਨ
19	ਭਾਰਤ ਸਰਕਾਰ ਦੁਆਰਾ ਰੋਜ਼ਗਾਰ ਪ੍ਰਦਾਨ ਕਰਨ ਲਈ ਚਲਾਏ ਗਏ ਪ੍ਰੋਗਰਾਮ ਸਵਰਨ ਜਯੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ ਅਤੇ ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ ਹੈ।	ਸਹੀ
20	ਭਾਰਤ ਸਰਕਾਰ ਦੁਆਰਾ ਰੋਜ਼ਗਾਰ ਪ੍ਰਦਾਨ ਕਰਨ ਲਈ ਚਲਾਏ ਗਏ ਪ੍ਰੋਗਰਾਮ ਸਵਰਨ ਜਯੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ, ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ ਅਤੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਾਲਾਇਮੈਂਟ ਗਾਰੰਟੀ ਐਕਟ ਹਨ।	ਸਹੀ
21	ਆਰਥਿਕ ਕਿਰਿਆਵਾਂ ਨੂੰ ਤਿੰਨ ਖੇਤਰਾਂ - ਮੁੱਢਲਾ, ਗੌਣ ਅਤੇ ਸੇਵਾ ਖੇਤਰਾਂ ਵਿੱਚ ਵੰਡਿਆ ਗਿਆ ਹੈ।	ਸਹੀ
22	ਜਦੋਂ ਮਨੁੱਖੀ ਸੰਸਾਧਨ ਵਿੱਚ ਸਿੱਖਿਆ, ਸਿਖਲਾਈ ਅਤੇ ਸੇਵਾਵਾਂ ਦੇ ਰੂਪ ਵਿੱਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਇਸ ਨੂੰ ਮਨੁੱਖੀ ਪੂੰਜੀ ਕਿਹਾ ਜਾਂਦਾ ਹੈ।	ਸਹੀ
23	_____ ਉਹ ਹੁੰਦੀ ਹੈ ਜਦੋਂ ਕਿਸੇ ਕੰਮ ਵਿੱਚ ਲੋੜ ਤੋਂ ਵੱਧ ਲੋਕ ਲੱਗੇ ਹੁੰਦੇ ਹਨ। ਜੇਕਰ ਕੁੱਝ ਲੋਕਾਂ ਨੂੰ ਕੰਮ ਵਿੱਚੋਂ ਹਟਾ ਦਿੱਤਾ ਜਾਵੇ ਤਾਂ ਵੀ ਕੁੱਲ ਉਤਪਾਦਨ ਵਿੱਚ ਕੋਈ ਕਮੀ ਨਹੀਂ ਹੁੰਦੀ।	ਛੁਪੀ ਹੋਈ ਬੇਰੁਜ਼ਗਾਰੀ
24	ਬੇਰੁਜ਼ਗਾਰੀ ਉਹ ਸਥਿਤੀ ਹੈ ਜਦੋਂ ਮੌਜੂਦਾ ਦਰ ਤੇ ਕੰਮ ਕਰਨ ਦੇ ਇਛੁੱਕ ਲੋਕਾਂ ਨੂੰ ਕੰਮ ਨਹੀਂ ਮਿਲਦਾ।	ਸਹੀ
25	ਭਾਰਤ ਵਿੱਚ _____ ਰਾਜ ਦੀ ਸਭ ਤੋਂ ਉੱਚੀ ਬੇਰੁਜ਼ਗਾਰੀ ਦਰ ਹੈ।	ਕੇਰਲ
26	ਕਿਸ ਸਾਲ ਭਾਰਤ ਨੇ 50% ਸਾਖਰਤਾ ਦਰ ਨੂੰ ਪਾਰ ਕੀਤਾ?	1991 ਈ.

27	ਭਾਰਤ ਦੇ ਕਿਸ ਰਾਜ ਵਿੱਚ ਸਾਖਰਤਾ ਦਰ ਸਭ ਤੋਂ ਘੱਟ (63.8%) ਹੈ?	ਬਿਹਾਰ
28	_____ ਖੇਤਰ ਵਿੱਚ ਉਹ ਕਿਰਿਆਵਾਂ ਆਉਂਦੀਆਂ ਹਨ ਜਿਹੜੀਆਂ ਮੁੱਢਲੇ ਖੇਤਰ ਦੇ ਉਤਪਾਦ ਨੂੰ ਕੱਚੇ ਮਾਲ ਦੀ ਤਰ੍ਹਾਂ ਪ੍ਰਯੋਗ ਕਰਕੇ ਅੰਤਿਮ ਵਸਤਾਂ ਦਾ ਉਤਪਾਦਨ ਕਰਦੀਆਂ ਹਨ।	ਗੌਣ

ਪਾਠ 3 - ਗ਼ਰੀਬੀ : ਭਾਰਤ ਦੇ ਸਾਹਮਣੇ ਇੱਕ ਚੁਣੌਤੀ

1	ਸੰਸਾਰ ਦੀ ਕੁੱਲ ਗਰੀਬ ਜਨਸੰਖਿਆ ਦੇ 20% ਤੋਂ ਜ਼ਿਆਦਾ ਗਰੀਬ ਲੋਕ ਭਾਰਤ ਵਿੱਚ ਰਹਿੰਦੇ ਹਨ।	ਠੀਕ
2	ਆਰਥਿਕ ਸਰਵੇਖਣ 2011-12 ਦੇ ਅਨੁਸਾਰ ਭਾਰਤ ਵਿੱਚ _____ ਲੋਕ ਗਰੀਬੀ ਵਿੱਚ ਜਿਉਂਦੇ ਹਨ।	27 ਕਰੋੜ
3	ਸੰਸਾਰ ਦੀ ਕੁੱਲ ਗਰੀਬ ਜਨਸੰਖਿਆ ਦੇ _____ ਹਿੱਸੇ ਤੋਂ ਜ਼ਿਆਦਾ ਗਰੀਬ ਲੋਕ ਭਾਰਤ ਵਿੱਚ ਰਹਿੰਦੇ ਹਨ।	1/5
4	ਗਰੀਬੀ, ਗਰੀਬ ਲੋਕਾਂ ਵਿੱਚ _____ ਦੀ ਭਾਵਨਾ ਪੈਦਾ ਕਰਦੀ ਹੈ।	ਲਾਚਾਰੀ
5	ਗਰੀਬੀ, ਗਰੀਬ ਲੋਕਾਂ ਵਿੱਚ _____ ਦੀ ਭਾਵਨਾ ਪੈਦਾ ਕਰਦੀ ਹੈ।	ਅਸੁਰੱਖਿਆ
6	ਪੇਂਡੂ ਲੋਕਾਂ ਨੂੰ ਸ਼ਹਿਰੀ ਲੋਕਾਂ ਨਾਲੋਂ ਜ਼ਿਆਦਾ ਕੈਲੋਰੀ ਦੀ ਲੋੜ ਹੁੰਦੀ ਹੈ।	ਸਹੀ
7	ਪੰਜਾਬ ਰਾਜ ਨੇ ਖੇਤੀਬਾੜੀ ਦੀ ਸਹਾਇਤਾ ਨਾਲ ਗਰੀਬੀ ਘੱਟ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।	ਸਹੀ
8	ਉਹ ਤਰੀਕਾ ਜਿਹੜਾ ਜ਼ਿੰਦਗੀ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ ਘੱਟ ਜ਼ਰੂਰੀ ਆਮਦਨ ਨੂੰ ਮਾਪਣ ਦਾ ਹੈ, ਨੂੰ _____ ਕਹਿੰਦੇ ਹਨ।	ਗਰੀਬੀ ਰੇਖਾ
9	ਗਰੀਬੀ ਦਾ ਅਨੁਪਾਤ _____ ਦੇਸ਼ਾਂ ਵਿੱਚ ਘੱਟ ਹੈ।	ਵਿਕਸਿਤ
10	ਭਾਰਤ ਵਿੱਚ ਸਭ ਤੋਂ ਜ਼ਿਆਦਾ ਗਰੀਬ ਰਾਜ ਕਿਹੜਾ ਹੈ?	ਬਿਹਾਰ
11	ਰਾਸ਼ਟਰੀ ਆਮਦਨ ਅਤੇ ਪ੍ਰਤੀ ਵਿਅਕਤੀ ਆਮਦਨ ਕਿਸ ਦਾ ਸੂਚਕ ਹਨ?	ਸਾਪੇਖ ਗਰੀਬੀ
12	ਵਿਸ਼ਵ ਵਿਆਪੀ ਗਰੀਬੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ।	ਸਹੀ
13	ਖੇਤੀਬਾੜੀ ਵਿੱਚ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।	ਸਹੀ
14	ਪਿੰਡਾਂ ਵਿੱਚ ਪੜ੍ਹੀ ਲਿਖੀ ਬੇਰੁਜ਼ਗਾਰੀ ਜ਼ਿਆਦਾ ਹੁੰਦੀ ਹੈ।	ਗਲਤ
15	ਨੈਸ਼ਨਲ ਸੈਂਪਲ ਸਰਵੇ ਆਰਗਨਾਈਜੇਸ਼ਨ ਸਰਵੇਖਣ ਕਰਕੇ ਜਨਸੰਖਿਆ ਵਿੱਚ ਹੋ ਰਹੇ ਵਾਧੇ ਦਾ ਅਨੁਮਾਨ ਲਗਾਉਂਦੇ ਹਨ।	ਗਲਤ
16	ਸਭ ਤੋਂ ਵੱਧ ਗਰੀਬੀ ਵਾਲੇ ਰਾਜ ਬਿਹਾਰ ਅਤੇ ਓਡੀਸ਼ਾ ਹਨ।	ਸਹੀ

17	ਭਾਰਤ ਵਿੱਚ ਆਰਥਿਕ ਯੋਜਨਾਵਾਂ ਦਾ ਮੁੱਖ ਉਦੇਸ਼ _____ ਨੂੰ ਖਤਮ ਕਰਨਾ ਰਿਹਾ ਹੈ।	ਗਰੀਬੀ
18	ਪੂਰੇ ਦਿਨ ਦੇ ਭੋਜਨ ਦੁਆਰਾ ਮਨੁੱਖ ਨੂੰ ਪ੍ਰਾਪਤ ਹੋਣ ਵਾਲੀ ਊਰਜਾ ਨੂੰ ਮਾਪਣ ਦੀ ਇਕਾਈ _____ ਹੈ।	ਕੈਲਰੀ
19	ਭਾਰਤ ਵਿੱਚ ਔਸਤ ਕੈਲਰੀ ਦੀ ਜ਼ਰੂਰਤ ਪਿੰਡਾਂ ਵਿੱਚ 2400 ਕੈਲਰੀ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਤੇ ਸ਼ਹਿਰਾਂ ਵਿੱਚ 2100 ਕੈਲਰੀ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ।	ਸਹੀ
20	_____ ਵਿੱਚ ਵੱਖ-2 ਖੇਤਰਾਂ ਜਾਂ ਦੇਸ਼ਾਂ ਦੀਆਂ ਆਰਥਿਕ ਸਥਿਤੀਆਂ ਦੀ ਤੁਲਨਾ ਕੀਤੀ ਜਾਂਦੀ ਹੈ।	ਸਾਪੇਖ ਗਰੀਬੀ
21	_____ ਤੋਂ ਭਾਵ ਕਿਸੇ ਦੇਸ਼ ਦੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਮਦਨ ਅਤੇ ਉਪਭੋਗ ਤੋਂ ਹੈ।	ਨਿਰਪੇਖ ਗਰੀਬੀ

ਪਾਠ 4 - ਭਾਰਤ ਵਿੱਚ ਅੰਨ ਸੁਰੱਖਿਆ

1	ਸੰਨ _____ ਵਿੱਚ ਬੰਗਾਲ ਵਿੱਚ ਬਹੁਤ ਵੱਡਾ ਆਕਾਲ ਪਿਆ, ਜਿਸ ਵਿੱਚ ਲਗਭੱਗ 30 ਲੱਖ ਲੋਕਾਂ ਦੀ ਮੌਤ ਹੋ ਗਈ ਸੀ।	1943
2	ਸਰਕਾਰ ਨੇ ਗਰੀਬਾਂ ਨੂੰ ਵਾਜ਼ਿਬ ਕੀਮਤ ਤੇ ਅੰਨ ਉਪਲਬਧ ਕਰਾਉਣ ਲਈ ਸਰਵਜਨਿਕ ਵੰਡ ਪ੍ਰਣਾਲੀ ਸ਼ੁਰੂ ਕੀਤੀ ਹੈ।	ਸਹੀ
3	ਔਰਤਾਂ ਅਤੇ ਬੱਚੇ ਕੁਪੋਸ਼ਣ ਦਾ ਵੱਧ ਸ਼ਿਕਾਰ ਹੁੰਦੇ ਹਨ।	ਸਹੀ
4	_____ ਕਾਰਡ ਬਹੁਤ ਗਰੀਬ ਵਰਗ ਲਈ ਜਾਰੀ ਕੀਤਾ ਜਾਂਦਾ ਹੈ।	ਰਾਸ਼ਨ
5	ਫਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਨੂੰ ਘੱਟੋ ਘੱਟ ਸਮਰਥਨ ਕੀਮਤ ਕਿਹਾ ਜਾਂਦਾ ਹੈ।	ਸਹੀ
6	ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਕਿਹੜਾ ਕਾਰਡ ਜਾਰੀ ਕੀਤਾ ਜਾਂਦਾ ਹੈ?	ਬੀ.ਪੀ.ਐਲ. ਕਾਰਡ
7	_____ ਅੰਨ ਸੁਰੱਖਿਆ ਦਾ ਇੱਕ ਸੂਚਕ ਹੈ।	ਭੁੱਖ
8	ਬੰਗਾਲ ਕਾਲ ਤੋਂ ਇਲਾਵਾ ਹੋਰ ਕਿਹੜੇ ਰਾਜ ਵਿੱਚ ਅਕਾਲ ਵਰਗੀ ਸਥਿਤੀ ਪੈਦਾ ਹੋਈ?	ਓਡੀਸ਼ਾ
9	ਕਿਹੜੀ ਸਹਿਕਾਰੀ ਸੰਸਥਾ ਗੁਜਰਾਤ ਵਿੱਚ ਦੁੱਧ ਅਤੇ ਦੁੱਧ ਪਦਾਰਥ ਵੇਚਦੀ ਹੈ?	ਅਮੂਲ
10	ਕਿਹੜੀ ਸਹਿਕਾਰੀ ਸੰਸਥਾ ਪੰਜਾਬ ਵਿੱਚ ਦੁੱਧ ਅਤੇ ਦੁੱਧ ਪਦਾਰਥ ਵੇਚਦੀ ਹੈ?	ਵੇਰਕਾ
11	ਅੰਨ ਦੇ ਉਪਲਬਧ ਹੋਣ ਤੋਂ ਭਾਵ ਹੈ ਕਿ ਦੇਸ਼ ਦੇ ਅੰਦਰ ਅੰਨ ਪੈਦਾ ਨਹੀਂ ਕੀਤਾ ਜਾਂਦਾ ਹੈ।	ਗਲਤ
12	ਪੰਜਾਬ ਰਾਜ ਵਿੱਚ ਮਾਰਕਫੈੱਡ ਭਾਰਤ ਵਿੱਚ ਸਭ ਤੋਂ ਵੱਡੀ ਖਰੀਦੋ-ਫਰੋਖਤ ਸਹਿਕਾਰੀ ਸੰਸਥਾ ਹੈ।	ਸਹੀ

13	ਅਕਾਲ ਦੇ ਦੌਰਾਨ ਕਿਹੜੇ ਲੋਕ ਜ਼ਿਆਦਾ ਪੀੜਤ ਹੁੰਦੇ ਹਨ?	ਔਰਤਾਂ ਅਤੇ ਬੱਚੇ
14	ਹੱਕ ਦੀ ਧਾਰਨਾ ਪ੍ਰਸਿੱਧ ਅਰਥ ਸ਼ਾਸਤਰੀ ਡਾ. ਅਮਰਤਿਆ ਸੈਨ ਨੇ ਦਿੱਤੀ ।	ਸਹੀ
15	ਭਾਰਤ ਸਰਕਾਰ ਵੱਲੋਂ ਭਾਰਤੀ ਖਾਧ ਨਿਗਮ ਰਾਹੀਂ ਖਰੀਦੇ ਗਏ ਚਾਵਲ ਅਤੇ ਕਣਕ ਦੇ ਭੰਡਾਰ ਨੂੰ ਬਫਰ ਭੰਡਾਰ ਕਹਿੰਦੇ ਹਨ।	ਸਹੀ
16	ਅੰਤੋਦਿਆ ਅੰਨ ਯੋਜਨਾ ਦਸੰਬਰ _____ ਈ. ਵਿੱਚ ਸ਼ੁਰੂ ਕੀਤੀ ਗਈ।	2000
17	ਰਾਸ਼ਨ ਦੀਆਂ ਦੁਕਾਨਾਂ ਨੂੰ ਉੱਚਿਤ ਮੁੱਲ ਤੇ ਸਮਾਨ ਵੇਚਣ ਵਾਲੀਆਂ ਦੁਕਾਨਾਂ ਵੀ ਕਿਹਾ ਜਾਂਦਾ ਹੈ।	ਸਹੀ
18	ਰਾਸ਼ਟਰੀ ਅੰਨ ਸੁਰੱਖਿਆ ਐਕਟ ਸਾਲ _____ ਈ. ਵਿੱਚ ਪਾਸ ਕੀਤਾ ਗਿਆ।	2013
19	ਕਿਸੇ ਵਸਤੂ ਦੇ ਬਾਜ਼ਾਰੀ ਮੁੱਲ ਨੂੰ ਘੱਟ ਰੱਖਣ ਲਈ ਕਿਸੇ ਸਰਕਾਰ ਵੱਲੋਂ ਉਤਪਾਦਕ ਨੂੰ ਕੀਤੀ ਗਈ ਅਦਾਇਗੀ ਨੂੰ ਆਰਥਿਕ ਸਹਾਇਤਾ ਜਾਂ ਸਬਸਿਡੀ ਕਿਹਾ ਜਾਂਦਾ ਹੈ।	ਸਹੀ

ਇਤਿਹਾਸ

ਪਾਠ 1 - ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

1	ਹੇਠ ਲਿਖਿਆਂ ਵਿੱਚੋਂ ਚੀਨੀ ਯਾਤਰੀ ਕੌਣ ਸੀ?	ਹਿਊਨਸਾਂਗ
2	ਸੰਸਾਰ ਦੀ ਮਹਾਨ ਸਿੰਧੂ ਘਾਟੀ ਦੀ ਸੱਭਿਅਤਾ ਦਾ ਜਨਮ _____ ਦੀ ਧਰਤੀ ਤੇ ਹੀ ਹੋਇਆ ਸੀ।	ਪੰਜਾਬ
3	ਭਾਰਤ ਦੀ ਪ੍ਰਾਚੀਨ ਗ੍ਰੰਥ ਰਿਗਵੇਦ ਦੀ ਰਚਨਾ ਵੀ ਪੰਜਾਬ ਦੀ ਧਰਤੀ ਤੇ ਹੀ ਹੋਈ।	ਠੀਕ
4	ਤਕਸ਼ਿਲਾ ਵਿਸ਼ਵ ਵਿਦਿਆਲਾ ਵਰਤਮਾਨ ਸਮੇਂ ਵਿੱਚ ਕਿੱਥੇ ਸਥਿਤ ਹੈ?	ਰਾਵਲਪਿੰਡੀ (ਪਾਕਿਸਤਾਨ)
5	_____ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ।	ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
6	ਵੈਦਿਕ ਕਾਲ ਵਿੱਚ ਪੰਜਾਬ ਨੂੰ ਕੀ ਨਾਂ ਦਿੱਤਾ ਗਿਆ ਹੈ?	ਸਪਤ ਸਿੰਧੂ
7	ਕਿਹੜੀ ਪ੍ਰਾਚੀਨ ਨਦੀ ਦੀ ਹੋਂਦ ਹੁਣ ਖਤਮ ਹੋ ਚੁੱਕੀ ਹੈ?	ਸਰਸਵਤੀ
8	ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ ਗਿਆ?	1849 ਈ.
9	ਲਾਰਡ ਹਾਰਡਿੰਗ ਨੇ ਦਿੱਲੀ ਨੂੰ _____ ਈ. ਵਿੱਚ ਭਾਰਤ ਦੀ ਰਾਜਧਾਨੀ ਬਣਾਇਆ।	1911
10	ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਦੇ 29 ਜ਼ਿਲਿਆਂ ਵਿੱਚੋਂ ਕਿੰਨੇ ਜ਼ਿਲ੍ਹੇ ਭਾਰਤੀ ਪੰਜਾਬ ਦੇ ਹਿੱਸੇ ਆਏ?	13

11	ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੇ ਸਰਵੇਖਣ ਮੁਤਾਬਕ ਪੰਜਾਬੀ ਦੀਆਂ ਕੁੱਲ 28 ਉਪਭਾਸ਼ਾਵਾਂ ਹਨ?	ਠੀਕ
12	ਭਾਰਤੀ ਪੰਜਾਬ ਵਿੱਚ ਪੰਜਾਬੀ ਦੀਆਂ ਮੁੱਖ ਉਪਭਾਸ਼ਾਵਾਂ ਮਾਝੀ, ਦੁਆਬੀ, ਮਲਵਈ, ਪੁਆਧੀ ਅਤੇ ਡੋਗਰੀ ਹਨ।	ਠੀਕ
13	ਗੁਰਦਾਸਪੁਰ, ਪਠਾਨਕੋਟ, ਅਮ੍ਰਿੰਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ _____ ਉਪਭਾਸ਼ਾ ਬੋਲੀ ਜਾਂਦੀ ਹੈ।	ਮਾਝੀ
14	ਪੰਜਾਬੀ ਦਾ ਟਕਸਾਲੀ ਰੂਪ ਮਾਝੀ ਉਪਭਾਸ਼ਾ ਦੇ ਸਭ ਤੋਂ ਨੇੜੇ ਹੈ।	ਠੀਕ
15	ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ _____ ਉਪਭਾਸ਼ਾ ਬੋਲੀ ਜਾਂਦੀ ਹੈ।	ਦੁਆਬੀ
16	ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਸ਼੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਲੁਧਿਆਣਾ ਜ਼ਿਲ੍ਹੇ _____ ਉਪਭਾਸ਼ਾ ਦੇ ਖੇਤਰ ਹਨ।	ਮਲਵਈ
17	ਹਿਮਾਲਾ ਪਰਬਤ ਦੀ ਪੱਛਮ ਤੋਂ ਪੂਰਬ ਵੱਲ ਲੰਬਾਈ ਲਗਭੱਗ 2400 ਕਿਮੀ. ਅਤੇ ਉੱਤਰ ਤੋਂ ਦੱਖਣ ਵੱਲ ਚੌੜਾਈ ਲਗਭੱਗ 250 ਕਿਮੀ. ਹੈ।	ਠੀਕ
18	ਖੈਬਰ, ਕੁਰਮ, ਟੋਚੀ, ਗੋਮਲ ਅਤੇ ਦੱਰਾ ਬੋਲਾਨ ਹਿਮਾਲਾ ਦੀਆਂ ਪੱਛਮੀ ਪਰਬਤ ਸ਼ਾਖਾਵਾਂ ਸੁਲੇਮਾਨ ਅਤੇ ਕਿਰਥਾਰ ਸ਼ਾਖਾਵਾਂ ਵਿੱਚ ਸਥਿਤ ਹਨ।	ਠੀਕ
19	_____ ਦੱਰਾ ਕਾਬੁਲ (ਅਫਗਾਨਿਸਤਾਨ) ਨੂੰ ਪੇਸ਼ਾਵਰ (ਪਾਕਿਸਤਾਨ) ਨਾਲ ਮਿਲਾਉਂਦਾ ਹੈ।	ਖੈਬਰ
20	_____ ਦੱਰਾ ਸਭ ਤੋਂ ਚੌੜਾ ਹੈ ਜੋ ਕਿ ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਵਿੱਚ ਸਥਿਤ ਹੈ।	ਬੋਲਾਨ
21	ਹਿਮਾਲਾ ਦੀਆਂ ਪੀਰ ਪੰਜਾਲ ਸ਼ਾਖਾਵਾਂ ਦੇ ਦੱਖਣ ਵਿੱਚ ਸ਼ਿਵਾਲਿਕ ਅਤੇ ਕਸੌਲੀ ਦੀਆਂ ਪਹਾੜੀਆਂ ਦੇ ਢਲਾਨੀ ਖੇਤਰ ਨੂੰ ਪੰਜਾਬ ਦਾ ਤਰਾਈ ਜਾਂ ਉਪ-ਪਰਬਤੀ ਖੇਤਰ ਕਿਹਾ ਜਾਂਦਾ ਹੈ।	ਠੀਕ
22	_____ ਦੁਆਬ ਦਾ ਖੇਤਰ ਸਿੰਧ ਅਤੇ ਜੇਹਲਮ ਨਦੀ ਦੇ ਵਿਚਕਾਰ ਫੈਲਿਆ ਹੋਇਆ ਹੈ।	ਸਿੰਧ ਸਾਗਰ
23	ਚੱਜ ਦੁਆਬ ਦਾ ਖੇਤਰ ਕਿਹੜੀਆਂ ਦੋ ਨਦੀਆਂ ਦੇ ਵਿਚਕਾਰ ਦਾ ਇਲਾਕਾ ਹੈ?	ਚਿਨਾਬ ਅਤੇ ਜੇਹਲਮ
24	ਬਾਰੀ ਦੁਆਬ _____ ਨਦੀਆਂ ਵਿਚਕਾਰ ਫੈਲਿਆ ਹੋਇਆ ਹੈ।	ਬਿਆਸ ਅਤੇ ਰਾਵੀ
25	ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ _____ ਆਖਦੇ ਹਨ।	ਮਾਲਵਾ
26	ਘੱਗਰ ਅਤੇ ਜਮਨਾ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ ਬਾਂਗਰ ਕਿਹਾ ਜਾਂਦਾ ਹੈ।	ਠੀਕ
27	ਮਹਾਂਭਾਰਤ ਦਾ ਯੁੱਧ, ਪਾਣੀਪਤ ਦੇ ਤਿੰਨ ਯੁੱਧ ਅਤੇ ਤਰਾਇਣ ਦੇ ਦੋ ਯੁੱਧ ਪੰਜਾਬ ਦੇ _____ ਦੇ ਮੈਦਾਨੀ ਖੇਤਰ ਵਿੱਚ ਲੜੇ ਗਏ।	ਬਾਂਗਰ

28	ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ।	ਠੀਕ
29	18ਵੀਂ ਸਦੀ ਤੱਕ ਈਰਾਨੀ, ਯੂਨਾਨੀ, ਸ਼ੱਕ, ਹੂਣ, ਕੁਸ਼ਾਣ, ਤੁਰਕ, ਮੰਗੋਲ ਅਤੇ ਮੁਗਲ ਆਦਿ ਵਿਦੇਸ਼ੀ ਹਮਲਾਵਰ ਪੰਜਾਬ ਦੇ ਉੱਤਰ-ਪੱਛਮ ਦੀਆਂ ਪਹਾੜੀਆਂ ਵਿੱਚ ਸਥਿਤ ਦੱਰਿਆਂ ਰਾਹੀਂ ਭਾਰਤ ਆਏ।	ਠੀਕ
30	ਭਾਰਤੀ ਇਤਿਹਾਸ ਦੇ ਮਹਤੱਵਪੂਰਨ ਯੁੱਧ ਕੱਰੀ ਵਿੱਚ ਸਿੰਕਦਰ-ਪੋਰਸ ਦਾ ਯੁੱਧ, ਤਰਾਇਨ ਵਿੱਚ ਪ੍ਰਿਥਵੀ ਰਾਜ ਚੌਹਾਨ-ਮੁਹੰਮਦ ਗੌਰੀ ਦੇ ਯੁੱਧ ਅਤੇ ਪਾਣੀਪਤ ਦੀਆਂ ਤਿੰਨੇ ਲੜਾਈਆਂ _____ ਦੇ ਮੈਦਾਨਾਂ ਵਿੱਚ ਹੋਈਆਂ।	ਪੰਜਾਬ
31	ਇਸਲਾਮ ਧਰਮ ਦਾ ਜਨਮ ਮੱਕਾ-ਮਦੀਨਾ ਵਿੱਚ ਹੋਇਆ।	ਠੀਕ
32	ਭਾਸ਼ਾ ਦੇ ਅਧਾਰ ਤੇ _____ ਨੂੰ ਪੰਜਾਬ ਦਾ ਪੁਨਰਗਠਨ ਕੀਤਾ ਗਿਆ।	1 ਨਵੰਬਰ 1966
33	ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ਦੀ ਉਚਾਈ 8848 ਮੀਟਰ ਹੈ।	ਠੀਕ
34	ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਨੂੰ _____ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।	3
35	ਸਿੰਧੂ ਘਾਟੀ ਸੱਭਿਅਤਾ ਦਾ ਜਨਮ ਪੰਜਾਬ ਵਿੱਚ ਨਹੀਂ ਹੋਇਆ।	ਗਲਤ
36	ਅਮ੍ਰਿੰਤਸਰ ਅਤੇ ਲਾਹੌਰ ਕਿਸ ਦੁਆਬੇ ਦੇ ਪ੍ਰਮੁੱਖ ਸ਼ਹਿਰ ਹਨ।	ਬਾਰੀ ਦੁਆਬ
37	ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ _____ ਦੇ ਪ੍ਰਸਿੱਧ ਸ਼ਹਿਰ ਹਨ।	ਬਿਸਤ ਦੁਆਬ

ਪਾਠ 2 - ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮਕਾਲੀ ਸਮਾਜ

1	ਜਜ਼ੀਆ ਕੀ ਹੈ?	ਧਾਰਮਿਕ ਕਰ
2	ਲੇਖਕ ਵਰਗ ਮੁਸਲਿਮ ਸਮਾਜ ਦੇ ਕਿਹੜੇ ਵਰਗ ਵਿੱਚ ਆਉਂਦੇ ਸਨ?	ਮੱਧ ਵਰਗ
3	ਦੇਵੀ ਦੁਰਗਾ ਦੀ ਪੂਜਾ ਕਰਨ ਵਾਲਿਆਂ ਨੂੰ ਕੀ ਕਿਹਾ ਜਾਂਦਾ ਸੀ?	ਸ਼ਕਤਾ
4	ਉਲਮਾ ਕੌਣ ਸਨ?	ਮੁਸਲਿਮ ਧਾਰਮਿਕ ਨੇਤਾ
5	ਸੱਚਾ ਸੌਦਾ ਦੀ ਘਟਨਾ ਕਿੱਥੇ ਘਟੀ?	ਚੂਹੜਕਾਨੇ
6	ਮੁਸਲਮਾਨਾਂ ਦੀਆਂ ਸੁੰਨੀ ਅਤੇ ਸ਼ੀਆ ਦੋ ਮੁੱਖ ਸੰਪਰਦਾਵਾਂ ਹਨ।	ਠੀਕ
7	ਗੁਰੂ ਨਾਨਕ ਦੇਵ ਜੀ ਦਾ ਵਿਆਹ _____ ਸ਼ਹਿਰ ਦੇ ਮੂਲ ਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ।	ਬਟਾਲਾ
8	ਸੁਲਤਾਨਪੁਰ ਵਿੱਚ ਗੁਰੂ ਨਾਨਕ ਦੇਵ ਜੀ ਹਰ ਰੋਜ਼ _____ ਨਦੀ ਵਿੱਚ ਇਸ਼ਨਾਨ ਕਰਨ ਜਾਇਆ ਕਰਦੇ ਸਨ।	ਵੇਈਂ

9	ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਦਾ ਸਮਾਂ 1499 ਈ. ਤੋਂ 1510 ਈ. ਤੱਕ ਹੈ।	ਠੀਕ
10	ਸੱਜਣ ਨਾਂ ਦਾ ਠੱਗ ਕਿੱਥੇ ਰਹਿੰਦਾ ਸੀ?	ਤਾਲੁੰਬਾ ਵਿਖੇ
11	ਕਾਮਰੂਪ ਕਿਹੜੇ ਰਾਜ ਦਾ ਪੁਰਾਣਾ ਨਾਂਅ ਹੈ?	ਆਸਾਮ
12	ਸੱਯਦਪੁਰ - ਏਮਨਾਬਾਦ ਵਿਖੇ ਗੁਰੂ ਜੀ ਗਰੀਬ ਤਰਖਾਣ _____ ਜੀ ਦੇ ਘਰ ਠਹਿਰੇ।	ਭਾਈ ਲਾਲੋ
13	ਗੁਰੂ ਨਾਨਕ ਦੇਵ ਜੀ ਨੇ ਕਿਹੜੀ ਉਦਾਸੀ ਦੌਰਾਨ ਮੁਸਲਮਾਨ ਹਾਜੀਆਂ ਵਾਲਾ ਨੀਲਾ ਪਹਿਰਾਵਾ ਧਾਰਨ ਕੀਤਾ?	ਚੌਥੀ ਉਦਾਸੀ
14	ਗੁ੍ਰਦੁਆਰਾ ਪੰਜਾ ਸਾਹਿਬ ਕਿੱਥੇ ਸਥਿਤ ਹੈ?	ਪਾਕਿਸਤਾਨ
15	ਮੁਸਲਮਾਨਾਂ ਦੀ ਤੀਰਥ ਸਥਾਨ ਮੱਕਾ ਵਿੱਚ ਇੱਕ ਪਵਿੱਤਰ ਕਾਲਾ ਪੱਥਰ ਹੈ ਜਿਸਨੂੰ _____ ਕਿਹਾ ਜਾਂਦਾ ਹੈ।	ਕਾਅਬਾ
16	ਪਾਣੀਪਤ ਦੀ ਪਹਿਲੀ ਲੜਾਈ _____ ਈ. ਵਿੱਚ ਬਾਬਰ ਅਤੇ ਇਬਰਾਹੀਮ ਲੋਧੀ ਵਿਚਕਾਰ ਹੋਈ ਜਿਸ ਵਿੱਚ ਇਬਰਾਹੀਮ ਲੋਧੀ ਦੀ ਹਾਰ ਹੋਈ।	1526
17	ਬਾਬਰ ਨੇ ਪੰਜਾਬ ਤੇ ਪਹਿਲਾ ਹਮਲਾ ਕਦੋਂ ਕੀਤਾ?	ਅਪ੍ਰੈਲ 1519 ਈ.
18	ਇਸਲਾਮ ਧਰਮ ਦੀ ਧਾਰਮਿਕ ਪੁਸਤਕ ਦਾ ਨਾਂ _____ ਹੈ।	ਕੁਰਾਨ
19	ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਕੁਰਾਨ ਵਿੱਚ ਦੱਸੀ ਗਈ ਜੀਵਨ ਜਾਚ ਦੇ ਅਨੁਸਾਰ ਜੀਵਨ ਬਤੀਤ ਕਰਨ ਨੂੰ ਸ਼ਰੀਅਤ ਕਿਹਾ ਜਾਂਦਾ ਹੈ।	ਠੀਕ
20	ਬਾਬਰ ਦਾ ਪੂਰ ਨਾਂ ਜ਼ਹੀਰ-ਉੱਦ-ਦੀਨ ਮੁਹੰਮਦ ਬਾਬਰ ਹੈ।	ਠੀਕ
21	ਬਾਬਰ ਦੀ ਆਤਮ ਕਥਾ ਤੁਜ਼ਕ-ਏ-ਬਾਬਰੀ ਜਾਂ ਬਾਬਰ ਨਾਮਾ ਕਿਸ ਭਾਸ਼ਾ ਵਿੱਚ ਲਿਖੀ ਗਈ?	ਤੁਰਕੀ
22	ਗੁਰੂ ਨਾਨਕ ਦੇਵ ਜੀ ਨੇ 1522 ਈ. ਵਿੱਚ ਰਾਵੀ ਨਦੀ ਦੇ ਕੰਢੇ _____ ਨਗਰ ਵਸਾਇਆ।	ਕਰਤਾਰਪੁਰ
23	ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਪੰਜਾਬ ਦਾ ਸੂਬੇਦਾਰ ਕੌਣ ਸੀ?	ਤਾਤਾਰ ਖਾਂ ਲੋਧੀ
24	ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਦਿੱਲੀ ਦਾ ਸੁਲਤਾਨ ਕੌਣ ਸੀ?	ਬਹਿਲੋਲ ਲੋਧੀ
25	ਮੁਸਲਮਾਨਾਂ ਦੇ ਤੀਰਥ ਸਥਾਨ ਮੱਕਾ-ਮਦੀਨਾ ਦੀ ਯਾਤਰਾ ਕਰਨ ਨੂੰ ਹੱਜ ਕਿਹਾ ਜਾਂਦਾ ਹੈ।	ਠੀਕ
26	ਪੰਜਾਬ ਉੱਤੇ ਅਧਿਕਾਰ ਕਰਨ ਲਈ 1519 ਈ. ਤੋਂ 1526 ਤੱਕ ਇਬਰਾਹੀਮ ਲੋਧੀ, ਦੌਲਤ ਖਾਂ ਲੋਧੀ ਅਤੇ _____ ਵਿਚਕਾਰ ਤ੍ਰਿਕੋਣੀ ਸੰਘਰਸ਼ ਜਾਰੀ ਰਿਹਾ।	ਬਾਬਰ
27	ਹਿੰਦੂ ਅਤੇ ਮੁਸਲਿਮ ਔਰਤਾਂ ਨੂੰ ਪੜ੍ਹਣ ਲਿਖਣ ਦਾ ਅਧਿਕਾਰ ਪ੍ਰਾਪਤ ਸੀ।	ਗਲਤ

28	16ਵੀ ਸਦੀ ਵਿੱਚ _____ ਪੰਜਾਬ ਦਾ ਮੁੱਖ ਧਰਮ ਸੀ।	ਹਿੰਦੂ ਧਰਮ
29	ਲੋਧੀ ਵੰਸ਼ ਦਾ ਆਖਰੀ ਸ਼ਾਸਕ ਕੌਣ ਸੀ?	ਇਬਰਾਹੀਮ ਲੋਧੀ
30	ਵਾਰ ਮਲਹਾਰ, ਵਾਰ ਮਾਝ, ਵਾਰ ਆਸਾ, ਜਪੁਜੀ ਸਾਹਿਬ ਆਦਿ ਬਾਣੀਆਂ ਦੇ ਰਚਨਹਾਰ ਗੁਰੂ ਨਾਨਕ ਦੇਵ ਜੀ ਹਨ।	ਠੀਕ

ਪਾਠ 3 - ਸਿੱਖ ਧਰਮ ਦਾ ਵਿਕਾਸ (1539 ਈ. - 1581 ਈ.)

1	ਮੁਗਲ ਬਾਦਸ਼ਾਹ ਅਕਬਰ ਕਿਹੜੇ ਗੁਰੂ ਜੀ ਨੂੰ ਮਿਲਣ ਗੋਇੰਦਵਾਲ ਵਿਖੇ ਆਏ?	ਸ਼੍ਰੀ ਗੁਰੂ ਅਮਰਦਾਸ ਜੀ
2	ਕਿਹੜੇ ਗੁਰੂ ਜੀ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਸ਼ੁਰੂ ਕਰਵਾਇਆ?	ਸ਼੍ਰੀ ਗੁਰੂ ਅੰਗਦ ਦੇਵ ਜੀ
3	ਮੰਜੀਦਾਰਾਂ ਦੀ ਕੁੱਲ ਸੰਖਿਆ ਕਿੰਨੀ ਸੀ?	22
4	ਭਾਈ ਲਹਿਣਾ ਜੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਕਿੱਥੇ ਗਏ?	ਕਰਤਾਰਪੁਰ
5	ਸ਼੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਿਹੜੇ ਪੁੱਤਰ ਨੂੰ ਗੁਰਗੱਦੀ ਦਿੱਤੀ?	ਅਰਜਨ ਦੇਵ
6	ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿੱਚ _____ ਲਿਖਿਆ।	ਬਾਲ-ਬੋਧ
7	_____ ਜੀ ਹਰ ਸਾਲ ਹਰਿਦੁਆਰ ਵਿੱਚ ਗੰਗਾ ਇਸ਼ਨਾਨ ਕਰਨ ਲਈ ਜਾਂਦੇ ਸਨ।	ਸ਼੍ਰੀ ਗੁਰੂ ਅਮਰਦਾਸ ਜੀ
8	_____ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਪੂਰਾ ਕਰਵਾਇਆ।	ਸ਼੍ਰੀ ਗੁਰੂ ਅਮਰਦਾਸ ਜੀ
9	ਸ਼੍ਰੀ ਗੁਰੂ ਰਾਮਦਾਸ ਜੀ ਨੇ _____ ਨਗਰ ਦੀ ਸਥਾਪਨਾ ਕੀਤੀ।	ਰਾਮਦਾਸਪੁਰ (ਅਮ੍ਰਿੰਤਸਰ)
10	ਲਾਵਾਂ ਬਾਣੀ _____ ਜੀ ਦੀ ਪ੍ਰਸਿੱਧ ਰਚਨਾ ਹੈ।	ਸ਼੍ਰੀ ਗੁਰੂ ਰਾਮਦਾਸ
11	ਭਾਈ ਲਹਿਣਾ ਕਿਸ ਗੁਰੂ ਦਾ ਪਹਿਲਾਂ ਨਾਂ ਸੀ?	ਸ਼੍ਰੀ ਗੁਰੂ ਅੰਗਦ ਦੇਵ ਜੀ
12	ਸ਼੍ਰੀ ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਂ ਕੀ ਸੀ?	ਭਾਈ ਜੇਠਾ
13	ਕਿਸ ਗੁਰੂ ਜੀ ਦਾ ਜਨਮ ਸਰਾਏਨਾਗਾ (ਸ਼੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ?	ਸ਼੍ਰੀ ਗੁਰੂ ਅੰਗਦ ਦੇਵ ਜੀ
14	ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਨਾਂ _____ ਸੀ।	ਬੀਬੀ ਖੀਵੀ
15	ਸ਼੍ਰੀ ਗੁਰੂ ਅੰਗਦ ਦੇਵ ਜੀ ਨੇ 1546 ਈ. ਵਿੱਚ ਕਿਹੜੇ ਨਗਰ ਦੀ ਸਥਾਪਨਾ ਕੀਤੀ?	ਗੋਇੰਦਵਾਲ

16	ਗੁਰੂ ਅਮਰਦਾਸ ਜੀ ਸ਼੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਲਈ _____ ਗਏ ਅਤੇ ਉਨ੍ਹਾਂ ਨੂੰ ਆਪਣਾ ਗੁਰੂ ਧਾਰਨ ਕੀਤਾ।	ਖਡੂਰ ਸਾਹਿਬ
17	ਮੰਜੀ ਪ੍ਰਥਾ ਦਾ ਆਰੰਭ ਕਿਸ ਗੁਰੂ ਦੁਆਰਾ ਕੀਤਾ ਗਿਆ?	ਸ਼੍ਰੀ ਗੁਰੂ ਅਮਰਦਾਸ ਜੀ
18	_____ ਜੀ ਨੇ ਮਸੰਦ ਪ੍ਰਥਾ ਦਾ ਆਰੰਭ ਕੀਤਾ।	ਸ਼੍ਰੀ ਗੁਰੂ ਰਾਮਦਾਸ
19	ਗੁਰਗੱਦੀ ਦਾ ਪਿਤਾ-ਪੁਰਖੀ ਸਿਧਾਂਤ ਸ਼੍ਰੀ ਗੁਰੂ ਰਾਮਦਾਸ ਜੀ ਨੇ ਚਲਾਇਆ।	ਠੀਕ
20	1574-1581 ਤੱਕ ਦਾ ਗੁਰਗੱਦੀ ਸਮਾਂ ਸ਼੍ਰੀ ਗੁਰੂ ਅਮਰਦਾਸ ਨਾਲ ਸੰਬੰਧਤ ਹੈ।	ਗਲਤ

ਪਾਠ 4 - ਸ਼੍ਰੀ ਗੁਰੂ ਅਰਜਨ ਦੇਵ ਜੀ : ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਅਤੇ ਉਨ੍ਹਾਂ ਦੀ ਸ਼ਹੀਦੀ

1	ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਜੀ ਦਾ ਨਾਂ _____ ਸੀ।	ਬੀਬੀ ਭਾਨੀ
2	ਸ਼੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਦਾ ਨਾਂ _____ ਸੀ।	ਪ੍ਰਿਥੀ ਚੰਦ
3	ਜਹਾਂਗੀਰ ਦਾ ਪੁੱਤਰ ਖੁਸਰੋ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿੱਥੇ ਮਿਲਿਆ?	ਗੋਇੰਦਵਾਲ
4	ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਜਹਾਂਗੀਰ ਨੇ ਕਿਹੜੇ ਕਿਲੇ ਵਿੱਚ ਕੈਦ ਕੀਤਾ ਸੀ?	ਗਵਾਲੀਅਰ
5	ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੁਆਰਾ ਕਦੋਂ ਸ਼ਹੀਦ ਕੀਤਾ ਗਿਆ?	30 ਮਈ 1606 ਈ.
6	1590 ਈ. ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ _____ ਨਾਂ ਦਾ ਸਰੋਵਰ ਬਣਾਇਆ।	ਤਰਨਤਾਰਨ
7	ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਨੂੰ ਕਿਸ ਤੋਂ ਲਿਖਵਾਇਆ?	ਭਾਈ ਗੁਰਦਾਸ
8	ਸ਼੍ਰੀ ਹਰਿਮੰਦਰ ਸਾਹਿਬ ਦੀ ਨੀਂਹ 1588 ਈ. ਵਿੱਚ _____ ਜੀ ਨੇ ਰੱਖੀ।	ਸਾਂਈ ਮੀਆਂ ਮੀਰ
9	ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ?	ਬਾਬਾ ਬੁੱਢਾ ਜੀ
10	ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦਾ ਸਿਰਤਾਜ ਕਿਹਾ ਜਾਂਦਾ ਹੈ।	ਠੀਕ
11	1595 ਈ. ਵਿੱਚ ਬਿਆਸ ਨਦੀ ਦੇ ਕੰਢੇ ਹਰਗੋਬਿੰਦਪੁਰ ਨਗਰ ਦੀ ਸਥਾਪਨਾ _____ ਜੀ ਦੁਆਰਾ ਕੀਤੀ ਗਈ।	ਸ਼੍ਰੀ ਗੁਰੂ ਅਰਜਨ ਦੇਵ
12	ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਿਸ ਗੁਰੂ ਸਾਹਿਬ ਦੁਆਰਾ ਕੀਤਾ ਗਿਆ?	ਸ਼੍ਰੀ ਗੁਰੂ ਅਰਜਨ ਦੇਵ

13	ਸੰਨ੍ਹ _____ ਈ. ਵਿੱਚ ਹਰਿਮੰਦਰ ਸਾਹਿਬ ਵਿਖੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।	1604
14	ਪੰਜਾਬ ਦੇ ਕਿਸ ਸ਼ਹਿਰ ਨੂੰ ਈਸ਼ਵਰ ਦਾ ਘਰ ਕਿਹਾ ਜਾਂਦਾ ਹੈ?	ਕਰਤਾਰਪੁਰ
15	ਲੋਕ _____ ਜੀ ਨੂੰ ਸੱਚੇ ਪਾਤਸ਼ਾਹ ਕਹਿ ਕੇ ਬੁਲਾਉਣ ਲੱਗ ਪਏ ਸਨ।	ਸ਼੍ਰੀ ਗੁਰੂ ਅਰਜਨ ਦੇਵ
16	ਚੰਦੂ ਸ਼ਾਹ ਲਾਹੌਰ ਦਰਬਾਰ ਦਾ ਪ੍ਰਭਾਵਸ਼ਾਲੀ ਪਰੰਤੂ ਹੰਕਾਰੀ ਅਧਿਕਾਰੀ ਸੀ।	ਠੀਕ
17	ਜਹਾਂਗੀਰ ਦੇ ਹੁਕਮਾਂ ਅਨੁਸਾਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ _____ ਈ. ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।	30 ਮਈ 1606 ਈ.
18	ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ _____ ਪੰਨੇ ਹਨ।	1430
19	ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 6 ਗੁਰੂਆਂ, 15 ਭਗਤਾਂ, 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਦਰਜ ਹੈ।	ਠੀਕ
20	_____ ਜੀ ਨੇ 1606 ਈ. ਵਿੱਚ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਵਾਇਆ।	ਸ਼੍ਰੀ ਗੁਰੂ ਹਰਗੋਬਿੰਦ ਜੀ
21	ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਕਿਹੜੇ ਗੁਰੂ ਨੇ ਧਾਰਨ ਕੀਤੀਆਂ?	ਸ਼੍ਰੀ ਗੁਰੂ ਹਰਗੋਬਿੰਦ ਜੀ
22	ਮੁਗਲ ਬਾਦਸ਼ਾਹ _____ ਨੇ 1675 ਈ. ਵਿੱਚ ਨੋਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕਰਵਾ ਦਿੱਤਾ ਸੀ।	ਔਰੰਗਜ਼ੇਬ

ਪਾਠ 5 - ਫਰਾਂਸ ਦੀ ਕ੍ਰਾਂਤੀ

1	ਨੈਪੋਲੀਅਨ ਨੇ ਆਪਣੇ ਆਪ ਨੂੰ ਫਰਾਂਸ ਦਾ ਰਾਜਾ ਕਦੋਂ ਬਣਾਇਆ?	1804 ਈ.
2	ਪੁਰਾਣੇ ਰਾਜ ਦੌਰਾਨ ਆਰਥਿਕ ਗਤੀਵਿਧੀਆਂ ਦਾ ਭਾਰ ਕਿਸ ਦੁਆਰਾ ਚੁਕਾਇਆ ਜਾਂਦਾ ਸੀ?	ਤੀਸਰਾ ਵਰਗ
3	ਆਸਟ੍ਰੀਅਨ ਰਾਜਕੁਮਾਰੀ ਮੇਰੀ ਐਂਟੋਨਿਟੀ ਫਰਾਂਸ ਦੇ ਕਿਸ ਰਾਜੇ ਦੀ ਰਾਣੀ ਸੀ?	ਲੂਈਸ 16ਵਾਂ
4	ਫਰਾਂਸ ਵਿੱਚ ਟੈਨਿਸ ਕੋਰਟ ਸਹੁੰ ਕਦੋਂ ਚੁੱਕੀ ਗਈ?	20 ਜੂਨ 1789 ਈ.
5	ਫਰਾਂਸ ਦੇ ਵਿਸ਼ੇ ਵਿੱਚ ਸਭਾ (ਕਨਵੈਨਸ਼ਨ) ਕੀ ਸੀ?	ਨਵੀਂ ਚੁਣੀ ਪਰਿਸ਼ਦ

6	ਮਾਨਟੈਸਕਿਉ ਨੇ ਕਿਹੜੇ ਵਿਚਾਰ ਦਾ ਪ੍ਰਚਾਰ ਕੀਤਾ?	ਸ਼ਕਤੀਆਂ ਦੀ ਵੰਡ
7	ਫਰਾਂਸੀਸੀ ਇਤਿਹਾਸ ਵਿੱਚ ਕਿਸ ਸਮੇਂ ਨੂੰ ਆਤੰਕ ਦੇ ਦੌਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ?	1793-94 ਈ.
8	_____ ਇੱਕ ਸਿਰ ਕਟੱਣ ਵਾਲਾ ਯੰਤਰ ਸੀ, ਜਿਸਦੀ ਵਰਤੋਂ ਫਰਾਂਸੀਸੀਆਂ ਨੇ ਕੀਤੀ ਸੀ।	ਗੁਲੂਟਾਇਨ
9	ਬਿਸਟਾਈਲ ਦਾ ਹਮਲਾ 14 ਜੁਲਾਈ 1789 ਈ. ਵਿੱਚ ਹੋਇਆ ਸੀ।	ਠੀਕ
10	1815 ਈ. ਵਿੱਚ ਵਾਟਰਲੂ ਦੀ ਜੰਗ ਵਿੱਚ _____ ਦੀ ਹਾਰ ਹੋਈ।	ਨੈਪੋਲੀਅਨ ਬੋਨਾਪਾਰਟ
11	ਜੈਕੋਬਿਨ ਕਲੱਬ ਦਾ ਆਗੂ ਮੈਕਸੀਮਿਲਾਨ ਰੋਬਸਪਾਇਰੀ ਸੀ।	ਠੀਕ
12	ਸੋਸ਼ਲ ਕੰਟਰੈਕਟ ਪੁਸਤਕ ਦਾ ਲੇਖਕ _____ ਹੈ।	ਰੂਸੋ
13	ਮਾਰਸੀਲਿਸ ਦੀ ਰਚਨਾ ਰੋਜ਼ਰ ਡੀ ਲਾਈਸਲੇ ਨੇ ਕੀਤੀ।	ਠੀਕ
14	ਫਰਾਂਸ ਵਿੱਚ ਗਿਰਜਾਘਰਾਂ ਨੂੰ ਦਿੱਤੇ ਜਾਣ ਵਾਲੇ ਧਾਰਮਿਕ ਕਰ ਦਾ ਨਾਂ ਕੀ ਸੀ?	ਟਿੱਥੇ
15	ਫਰਾਂਸ ਵਿੱਚ ਰਾਜ ਨੂੰ ਦਿੱਤੇ ਜਾਣ ਵਾਲੇ ਪ੍ਰਤੱਖ ਕਰ ਦਾ ਨਾਂ ਕੀ ਸੀ?	ਟਾਇਲੇ
16	ਫਰਾਂਸ ਦੀ ਕ੍ਰਾਂਤੀ ਕਦੋਂ ਹੋਈ?	1789 ਈ.
17	ਡਾਇਰੈਕਟਰੀ ਕੀ ਸੀ?	5 ਮੈਂਬਰਾਂ ਦੀ ਕੌਂਸਿਲ
18	ਫਰਾਂਸ ਵਿੱਚ ਕਿਹੜੇ ਵਰਗ ਨੂੰ ਟੈਕਸ ਤੋਂ ਛੋਟ ਸੀ?	ਪਹਿਲਾ ਵਰਗ ਅਤੇ ਦੂਜਾ ਵਰਗ
19	ਫਰਾਂਸ ਵਿੱਚ ਰਾਜਾ ਰਾਜਤੰਤਰ ਹੋਣ ਕਾਰਨ ਰਾਜਾ ਆਪਣੇ ਆਪ ਨੂੰ ਰੱਬ ਦਾ ਪ੍ਰਤੀਨਿਧ ਮੰਨਦਾ ਸੀ।	ਠੀਕ
20	ਕਿਸ ਮਹਾਨ ਫਰਾਂਸੀਸੀ ਵਿਦਵਾਨ ਤੇ ਦਾਰਸ਼ਨਿਕ ਨੇ ਰਾਜੇ ਦੇ ਦੈਵੀ ਅਧਿਕਾਰਾਂ ਨੂੰ ਚੁਣੌਤੀ ਦਿੱਤੀ?	ਮਾਨਟੈਸਕਿਉ
21	ਲੂਈਸ 16ਵੇਂ ਨੇ ਵਿੱਤੀ ਸੰਕਟ ਨਾਲ ਨਜਿੱਠਣ ਲਈ _____ ਨੂੰ ਵੱਧ ਕਰ ਲਗਾਉਣ ਦੀ ਪ੍ਰਵਾਨਗੀ ਲੈਣ ਲਈ ਪ੍ਰਤੀਨਿਧ ਸਭਾ ਦੀ ਬੈਠਕ ਬੁਲਾਈ।	5 ਮਈ 1789 ਈ.
22	ਫਰਾਂਸੀਸੀ ਔਰਤਾਂ ਨੂੰ ਵੋਟ ਦਾ ਹੱਕ ਕਦੋਂ ਮਿਲਿਆ?	1946 ਈ.
23	ਨੀਲਾ, ਸਫੈਦ ਅਤੇ ਲਾਲ ਰੰਗ ਫਰਾਂਸ ਦੇ ਰਾਸ਼ਟਰੀ ਰੰਗ ਹਨ।	ਠੀਕ

24	ਟੁੱਟੀਆਂ ਜ਼ੰਜੀਰਾਂ ਦਾ ਅਰਥ ਹੈ -	ਗੁਲਾਮੀ ਤੋਂ ਆਜ਼ਾਦੀ

ਪਾਠ 6 - ਰੂਸ ਦੀ ਕ੍ਰਾਂਤੀ

1	ਡੂੰਮਾ ਸ਼ਬਦ ਰੂਸੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ _____।	ਸੋਚਣਾ
2	ਰੂਸ ਦੀ ਕ੍ਰਾਂਤੀ ਦੌਰਾਨ ਬੋਲਸ਼ਵਿਕਾਂ ਦੀ ਅਗਵਾਈ ਕਿਸ ਨੇ ਕੀਤੀ?	ਲੈਨਿਨ
3	ਰੂਸ ਦੀ ਕ੍ਰਾਂਤੀ ਦੁਆਰਾ ਸਮਾਜ ਦੇ ਪੁਨਰਗਠਨ ਲਈ ਕਿਹੜਾ ਵਿਚਾਰ ਸਭ ਤੋਂ ਮਹਤੱਵਪੂਰਨ ਹੈ?	ਸਮਾਜਵਾਦ
4	ਮੈਨਸ਼ਵਿਕ ਸਮੂਹ ਦਾ ਨੇਤਾ ਕੌਣ ਸੀ?	ਟਰੋਸਟਕੀ
5	ਕਿਹੜੇ ਦੇਸ਼ ਨੇ ਆਪਣੇ ਆਪ ਨੂੰ ਪਹਿਲੇ ਵਿਸ਼ਵ ਯੁੱਧ ਵਿੱਚੋਂ ਬਾਹਰ ਕੱਢ ਲਿਆ ਅਤੇ ਜਰਮਨੀ ਨਾਲ ਸੰਧੀ ਕਰ ਲਈ?	ਰੂਸ
6	ਜ਼ਾਰ ਦਾ ਸ਼ਾਬਦਿਕ ਅਰਥ ਹੈ -	ਸਰਵਉੱਚ ਸ਼ਾਸਨ
7	ਰੂਸ ਵਿੱਚ ਚੁਣੀ ਗਈ ਸਲਾਹਕਾਰ ਸੰਸਦ ਨੂੰ ਡੂੰਮਾ ਕਿਹਾ ਜਾਂਦਾ ਹੈ।	ਠੀਕ
8	_____ ਦਾ ਅਰਥ ਹੈ - ਪਰਿਸ਼ਦ ਜਾਂ ਸਥਾਨਕ ਪੱਧਰ ਦੇ ਸ਼ਾਸਨ ਚਲਾਉਣ ਵਾਲੀ ਇਕਾਈ।	ਸੋਵੀਅਤ
9	ਲੈਨਿਨ ਨੂੰ ਕਾਰਲ ਮਾਰਕਸ ਤੋਂ ਬਾਅਦ ਸਮਾਜਵਾਦੀ ਅੰਦੋਲਨ ਦਾ ਸਭ ਤੋਂ ਮਹਾਨ ਨੇਤਾ ਮੰਨਿਆ ਜਾਂਦਾ ਹੈ।	ਠੀਕ
10	1905 ਈ. ਦੇ ਯੁੱਧ ਵਿੱਚ ਰੂਸ ਕਿਹੜੇ ਦੇਸ਼ ਤੋਂ ਹਾਰਿਆ?	ਜਾਪਾਨ
11	1905 ਈ. ਵਿੱਚ ਹੋਣ ਵਾਲੀ ਰੂਸ ਦੀ ਕ੍ਰਾਂਤੀ ਦਾ ਮੁੱਖ ਕਾਰਨ ਜ਼ਾਰ ਨੂੰ ਆਪਣੀਆਂ ਮੰਗਾਂ ਦਾ ਚਾਰਟਰ ਦੇਣ ਲਈ ਜਾਂਦੇ ਹੋਏ ਮਜ਼ਦੂਰਾਂ ਤੇ ਗੋਲੀ ਚਲਾਉਣਾ ਸੀ।	ਠੀਕ
12	ਰੂਸ ਵਿੱਚ ਜ਼ਾਰਸ਼ਾਹੀ ਦੀ ਸ਼ੁਰੂਆਤ _____ ਈ. ਵਿੱਚ ਹੋਈ।	1547
13	ਰੂਸੀ ਕ੍ਰਾਂਤੀ ਸਾਲ _____ ਈ. ਵਿੱਚ ਹੋਈ।	1917
14	ਜੂਲੀਅਨ ਕੈਲੰਡਰ ਗਰੀਗੋਰੀਆਈ ਕੈਲੰਡਰ ਤੋਂ _____ ਦਿਨ ਪਿੱਛੇ ਸੀ।	13
15	ਬੋਲਸ਼ਵਿਕਾਂ ਨੇ ਰੂਸੀ ਸਾਮਰਾਜ ਦੇ ਵੱਖ-2 ਹਿੱਸਿਆਂ ਨੂੰ ਇਕੱਠਾ ਕਰਕੇ ਦਸੰਬਰ 1922 ਈ. ਵਿੱਚ ਸੋਵੀਅਤ ਸੰਘ ਦੀ ਸਥਾਪਨਾ ਕੀਤੀ।	ਠੀਕ
16	ਰੂਸੀ ਸਾਮਰਾਜ ਦੇ ਪ੍ਰਧਾਨ ਮੰਤਰੀ ਪੀਟਰ ਸਟਾਲਪਿਨ ਦਾ 1911 ਈ. ਵਿੱਚ ਕਤਲ ਕਰ ਦਿੱਤਾ ਗਿਆ।	ਠੀਕ

17	1917 ਈ. ਵਿੱਚ ਰੂਸੀ ਕ੍ਰਾਂਤੀ ਦੀ ਸ਼ੁਰੂਆਤ ਕਿੱਥੇ ਹੋਈ?	ਪੈਟਰੋਗ੍ਰੇਡ
18	1917 ਈ. ਦੀ ਰੂਸੀ ਕ੍ਰਾਂਤੀ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?	ਬੋਲਸ਼ਵਿਕ ਕ੍ਰਾਂਤੀ

ਪਾਠ 7 - ਵਣ-ਸਮਾਜ ਅਤੇ ਬਸਤੀਵਾਦ

1	ਬਿਰਸਾ ਮੁੰਡਾ ਦਾ ਜਨਮ ਵਰਤਮਾਨ ਭਾਰਤ ਦੇ ਕਿਸ ਰਾਜ ਵਿੱਚ ਹੋਇਆ?	ਝਾਰਖੰਡ
2	ਉਦਯੋਗਿਕ ਕ੍ਰਾਂਤੀ ਕਿਸ ਮਹਾਂਦੀਪ ਵਿੱਚ ਸ਼ੁਰੂ ਹੋਈ?	ਯੂਰਪ
3	ਇੰਪੀਰੀਅਲ ਵਣ ਖੋਜ ਸੰਸਥਾ ਕਿੱਥੇ ਹੈ?	ਦੇਹਰਾਦੂਨ
4	ਭਾਰਤ ਦੀ ਆਧੁਨਿਕ ਬਾਗਬਾਨੀ ਦਾ ਮੋਢੀ ਕਿਸ ਨੂੰ ਮੰਨਿਆ ਜਾਂਦਾ ਹੈ?	ਡਾਇਟ੍ਰਿਚ ਬ੍ਰੈਂਡਿਸ
5	ਭਾਰਤ ਵਿੱਚ ਸਮੁੰਦਰੀ ਜਹਾਜ਼ਾਂ ਲਈ ਕਿਹੜੇ ਰੁੱਖ ਦੀ ਲੱਕੜ ਸਭ ਤੋਂ ਵਧੀਆ ਮੰਨੀ ਜਾਂਦੀ ਹੈ?	ਸਾਗਵਾਨ
6	ਮੁੰਡਾ ਅੰਦੋਲਨ ਕਿਹੜੇ ਇਲਾਕੇ ਵਿੱਚ ਹੋਇਆ?	ਛੋਟਾ ਨਾਗਪੁਰ
7	ਵਣ ਅਤੇ ਜਲ ਮਨੁੱਖ ਦੇ ਲਈ ਮਹੱਤਵਪੂਰਨ ਸਾਧਨ ਨਹੀਂ ਹਨ।	ਗਲਤ
8	ਯੂਰਪ ਵਿੱਚ _____ ਦੇ ਦਰੱਖਤ ਦੀ ਲਕੜੀ ਤੋਂ ਸਮੁੰਦਰੀ ਜਹਾਜ਼ ਬਣਾਏ ਜਾਂਦੇ ਸਨ।	ਓਕ
9	ਕਪਾਹ, ਪਟਸਨ, ਚਾਹ, ਕੌਫੀ, ਰਬੜ ਅਤੇ ਕਣਕ ਨੂੰ _____ ਕਿਹਾ ਜਾਂਦਾ ਹੈ।	ਵਪਾਰਕ ਫਸਲਾਂ
10	ਬਿਰਸਾ ਮੁੰਡਾ ਨੂੰ 8 ਅਗਸਤ 1895 ਈ. ਨੂੰ ਚਲਕਟ ਸਥਾਨ ਤੋਂ ਗ੍ਰਿਫਤਾਰ ਕੀਤਾ ਗਿਆ।	ਠੀਕ
11	ਝੂਮ ਖੇਤੀ ਜਾਂ ਬਦਲਵੀਂ ਖੇਤੀ ਨੂੰ ਖੇਤੀਬਾੜੀ ਦਾ ਰਵਾਇਤੀ ਢੰਗ ਮੰਨਿਆ ਜਾਂਦਾ ਸੀ।	ਠੀਕ
12	ਕਿਸ ਪ੍ਰਾਚੀਨ ਭਾਰਤੀ ਰਾਜੇ ਨੇ ਜੀਵ ਹੱਤਿਆ ਤੇ ਪਾਬੰਦੀ ਲਗਾਈ ਗਈ ਸੀ?	ਸਮਰਾਟ ਅਸ਼ੋਕ
13	ਜੋਧਪੁਰ ਦੇ ਰਾਜੇ ਨੂੰ ਕਿਸ ਭਾਈਚਾਰੇ ਦੇ ਲੋਕਾਂ ਨੇ ਕੁਰਬਾਨੀ ਦੇ ਕੇ ਰੁੱਖਾਂ ਦੀ ਕਟਾਈ ਤੋਂ ਰੋਕਿਆ?	ਬਿਸ਼ਨੋਈ ਭਾਈਚਾਰਾ
14	ਇੱਕ ਕਿਲੋਮੀਟਰ ਰੇਲਵੇ ਪਟੱੜੀ ਲਈ _____ਸਲੀਪਰਜ਼ ਦੀ ਲੋੜ ਪੈਂਦੀ ਸੀ।	450

ਪਾਠ 8 - ਪਹਿਰਾਵੇ ਦਾ ਸਮਾਜਿਕ ਇਤਿਹਾਸ

1	ਬਣਾਉਟੀ ਰੇਸ਼ੇ ਦਾ ਵਿਚਾਰ ਸਭ ਤੋਂ ਪਹਿਲਾਂ ਕਿਹੜੇ ਵਿਗਿਆਨੀ ਨੂੰ ਆਇਆ?	ਰਾਬਰਟ ਹੁੱਕ
2	ਸੂਤੀ ਕਪੜਾ ਕਿਸ ਤੋਂ ਬਣਦਾ ਹੈ?	ਕਪਾਹ
3	ਕਿਹੜੀ ਸਦੀ ਵਿੱਚ ਯੂਰਪ ਦੇ ਲੋਕ ਆਪਣੇ ਸਮਾਜਿਕ ਰੁਤਬੇ, ਵਰਗ ਜਾਂ ਲਿੰਗ ਦੇ ਅਨੁਸਾਰ ਕਪੜੇ ਪਹਿਣਦੇ ਸਨ?	18ਵੀਂ

4	ਕਿਹੜੇ ਵਪਾਰੀਆਂ ਨੇ ਭਾਰਤ ਦੀ ਛੀਂਟ ਦਾ ਆਯਾਤ ਸ਼ੁਰੂ ਕੀਤਾ ?	ਯੂਰਪੀ
5	ਪੁਰਾਤੱਤਵ ਵਿਗਿਆਨੀਆਂ ਨੂੰ ਕੋਸਤੇਨਕੀ (ਰੂਸ) ਦੇ ਨੇੜੇ ਹਾਥੀ ਦੰਦ ਦੀਆਂ ਬਣੀਆਂ ਹੋਈਆਂ ਸੂਈਆਂ ਪ੍ਰਾਪਤ ਹੋਈਆਂ ਹਨ।	ਠੀਕ
6	ਰੇਸ਼ਮ ਦਾ ਕੀੜਾ ਆਮ ਤੌਰ ਤੇ _____ ਦੇ ਦਰਖੱਤਾਂ ਉੱਤੇ ਪਾਲਿਆ ਜਾਂਦਾ ਹੈ।	ਸ਼ਹਿਤੂਤ
7	_____ ਕਪੜਿਆਂ ਦੇ ਅਵਸ਼ੇਸ਼ ਮਿਸਰ, ਬੇਬੀਲੋਨ ਅਤੇ ਸਿੰਧੂ ਘਾਟੀ ਦੀ ਸਭਿੱਅਤਾ ਤੋਂ ਮਿਲੇ ਹਨ।	ਊਨੀ
8	ਸਵਦੇਸ਼ੀ ਅੰਦੋਲਨ _____ ਈ. ਵਿੱਚ ਸ਼ੁਰੂ ਹੋਇਆ।	1905
9	ਉਦਯੋਗਿਕ ਕ੍ਰਾਂਤੀ ਕਿਸ ਮਹਾਂਦੀਪ ਵਿੱਚ ਸ਼ੁਰੂ ਹੋਈ?	ਯੂਰਪ
10	ਮੈਰੀਨੋ ਭੇਡ ਦੀ ਉੱਨ ਸਭ ਤੋਂ ਵਧੀਆ ਹੁੰਦੀ ਹੈ।	ਠੀਕ
11	ਕਿਸ ਦੇਸ਼ ਦੀਆਂ ਇਸਤਰੀਆਂ ਨੇ ਸਭ ਤੋਂ ਪਹਿਲਾਂ ਪਹਿਰਾਵੇ ਦੀ ਆਜ਼ਾਦੀ ਸੰਬੰਧੀ ਆਵਾਜ਼ ਉਠਾਈ?	ਫਰਾਂਸ
12	ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਇੰਗਲੈਂਡ ਕਿਸ ਦੇਸ਼ ਤੋਂ ਸੂਤੀ ਕਪੜੇ ਦਾ ਆਯਾਤ ਕਰਦਾ ਸੀ?	ਭਾਰਤ
13	ਖਾਦੀ ਲਹਿਰ ਚਲਾਉਣ ਵਾਲੇ ਪ੍ਰਮੁੱਖ ਭਾਰਤੀ ਨੇਤਾ ਦਾ ਨਾਂ ਦੱਸੋ।	ਮਹਾਤਮਾ ਗਾਂਧੀ
14	ਨਾਮਧਾਰੀ ਸੰਪ੍ਰਦਾਇ ਦੇ ਲੋਕ ਕਿਸ ਰੰਗ ਦੇ ਕਪੜੇ ਪਹਿਨਦੇ ਹਨ?	ਸਫੈਦ
15	ਫਿਫਟੀ ਬੰਨਣ ਦਾ ਰਿਵਾਜ਼ ਅੰਗਰੇਜ਼ਾਂ ਦੇ ਸਮੇਂ ਤੋਂ ਸ਼ੁਰੂ ਹੋਇਆ।	ਠੀਕ
16	ਗਿਆਨਦਾਨਦੀਨੀ ਟੈਗੋਰ ਨੇ ਰਾਸ਼ਟਰੀ ਪੁਸ਼ਾਕ ਤਿਆਰ ਕਰਨ ਵਿੱਚ ਮਹਤੱਵਪੂਰਨ ਯੋਗਦਾਨ ਪਾਇਆ।	ਠੀਕ
17	ਇੰਗਲੈਂਡ ਵਿੱਚ ਔਰਤਾਂ ਦੇ ਵੋਟ ਦੇਣ ਦੇ ਅਧਿਕਾਰ ਦੀ ਪ੍ਰਾਪਤੀ ਲਈ ਕੀਤੇ ਗਏ ਅੰਦੋਲਨ ਨੂੰ ਸਫਰੇਜ਼ ਅੰਦੋਲਨ ਕਿਹਾ ਜਾਂਦਾ ਹੈ।	ਠੀਕ
18	ਫਰਾਂਸੀਸੀ ਲੋਕ ਸੁਤੰਤਰਤਾ ਦੇ ਚਿੰਨ੍ਹ ਵਜੋਂ ਕਿਹੜੇ ਰੰਗ ਦੀ ਟੋਪੀ ਪਾਉਂਦੇ ਸਨ?	ਲਾਲ ਰੰਗ

ਨਾਗਰਿਕ ਸ਼ਾਸਤਰ

ਪਾਠ 9 - ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਥਾਰ

1	ਹੇਠ ਲਿਖੇ ਦੇਸ਼ਾਂ ਵਿੱਚੋਂ ਵੀਟੋ ਸ਼ਕਤੀ ਕਿਹੜੇ ਦੇਸ਼ ਕੋਲ ਨਹੀਂ ਹੈ?	ਭਾਰਤ
2	ਚੋਲ ਰਾਜਿਆਂ ਸਮੇਂ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ _____ ਸੀ।	ਉਰ
3	ਚਿੱਲੀ ਵਿੱਚ ਸ਼ੋਸਲਿਸਟ ਪਾਰਟੀ ਦੀ ਅਗਵਾਈ ਸਾਲਵਾਡੋਰ ਐਲਾਂਡੇ ਨੇ ਕੀਤੀ।	ਠੀਕ

4	ਭਾਰਤ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ।	ਗਲਤ
5	ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲੋਕਤੰਤਰ ਲਗਾਤਾਰ ਚਲ ਰਿਹਾ ਹੈ।	ਗਲਤ
6	ਹੇਠ ਲਿਖਿਆਂ ਵਿੱਚੋਂ ਕਿਸ ਦੇਸ਼ ਨੇ ਦੁਨੀਆਂ ਦੇ ਦੇਸ਼ਾਂ ਨੂੰ ਸੰਸਦੀ ਲੋਕਤੰਤਰ ਪ੍ਰਣਾਲੀ ਅਪਣਾਉਣ ਦੀ ਪ੍ਰੇਰਣਾ ਦਿੱਤੀ?	ਫਰਾਂਸ
7	ਅੱਜ ਕੱਲ੍ਹ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਿਹੜੀ ਸ਼ਾਸਨ ਪ੍ਰਣਾਲੀ ਅਪਣਾਈ ਜਾ ਰਹੀ ਹੈ?	ਲੋਕਤੰਤਰੀ
8	ਪਹਿਲੇ ਸੰਸਾਰ ਯੁੱਧ ਤੋਂ ਬਾਅਦ ਇਟਲੀ ਵਿੱਚ ਫਾਸੀਵਾਦ ਅਤੇ ਜਰਮਨੀ ਵਿੱਚ ਨਾਜ਼ੀਵਾਦ ਵਿਚਾਰਧਾਰਾਵਾਂ ਪ੍ਰਚਲਿਤ ਹੋਈਆਂ ਜਿਨ੍ਹਾਂ ਕਾਰਨ ਲੋਕਤੰਤਰ ਨੂੰ ਵੱਡਾ ਧੱਕਾ ਲੱਗਿਆ।	ਠੀਕ
9	ਅਲੈਂਡੇ, ਚਿੱਲੀ ਦਾ ਰਾਸ਼ਟਰਪਤੀ ਕਦੋਂ ਚੁਣਿਆ ਗਿਆ?	1970 ਈ.
10	ਚਿੱਲੀ ਵਿੱਚ ਲੋਕਤੰਤਰ ਦੀ ਮੁੜ ਬਹਾਲੀ ਕਦੋਂ ਹੋਈ?	1990 ਈ.
11	ਕਿਹੜੇ ਦੋ ਵੱਡੇ ਮਹਾਂਦੀਪ ਬਸਤੀਵਾਦ ਦਾ ਸ਼ਿਕਾਰ ਬਣੇ?	ਏਸ਼ੀਆ ਅਤੇ ਅਫਰੀਕਾ
12	ਅਫਰੀਕਾ ਮਹਾਂਦੀਪ ਦੇ ਦੇਸ਼ ਘਾਨਾ ਨੂੰ ਆਜ਼ਾਦੀ ਕਦੋਂ ਪ੍ਰਾਪਤ ਹੋਈ?	1957 ਈ.
13	ਸੰਯੁਕਤ ਰਾਸ਼ਟਰ ਸੰਘ ਵਿੱਚ ਕਿੰਨੇ ਦੇਸ਼ ਮੈਂਬਰ ਹਨ?	193
14	ਅੰਤਰਰਾਸ਼ਟਰੀ ਮੁਦਰਾ ਕੋਸ਼ ਵੱਖ-2 ਦੇਸ਼ਾਂ ਨੂੰ ਵਿਕਾਸ ਦੇ ਲਈ ਪੈਸਾ ਕਰਜ਼ੇ ਦੇ ਰੂਪ ਵਿੱਚ ਪ੍ਰਦਾਨ ਕਰਦੀ ਹੈ।	ਠੀਕ
15	ਭਾਰਤ ਵਿੱਚ ਸਰਵ ਵਿਆਪਕ ਬਾਲਗ ਮਤ ਅਧਿਕਾਰ 1950 ਈ. ਸੰਵਿਧਾਨ ਦੇ ਲਾਗੂ ਹੋਣ ਨਾਲ ਹੀ ਦੇ ਦਿੱਤਾ ਗਿਆ ਸੀ।	ਠੀਕ
16	ਪਾਕਿਸਤਾਨ ਵਿੱਚ ਕਿਸ ਫੋਜੀ ਕਮਾਂਡਰ ਨੇ 1999 ਵਿੱਚ ਚੁਣੀ ਹੋਈ ਸਰਕਾਰ ਦੀ ਸੱਤਾ ਤੇ ਕਬਜ਼ਾ ਕਰ ਲਿਆ?	ਜਨਰਲ ਪਰਵੇਜ਼ ਮੁਸ਼ਰੱਫ
17	ਪੋਲੈਂਡ ਵਿੱਚ 1990 ਈ. ਵਿੱਚ ਰਾਸ਼ਟਰਪਤੀ ਪਦ ਦੇ ਲਈ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਲੈਕ ਵਾਲੇਸ਼ਾ ਚੁਣਿਆ ਗਿਆ।	ਠੀਕ
18	ਪੋਲੈਂਡ ਵਿੱਚ ਲੋਕਤੰਤਰ ਅਧਿਕਾਰਾਂ ਦੀ ਮੰਗ ਲਈ ਹੜਤਾਲ ਦੀ ਅਗਵਾਈ ਲੈਕ ਵਾਲੇਸ਼ਾ ਅਤੇ ਸੈਲੀਡੇਰਟੀ ਨੇ ਕੀਤੀ।	ਠੀਕ
19	ਪੋਲੈਂਡ ਵਿੱਚ ਲੋਕਤੰਤਰ ਅਧਿਕਾਰਾਂ ਦੀ ਮੰਗ ਲਈ ਹੜਤਾਲ ਦੀ ਅਗਵਾਈ ਲੈਕ ਵਾਲੇਸ਼ਾ ਅਤੇ ਸੈਲੀਡੇਰਟੀ ਨੇ ਕੀਤੀ।	ਠੀਕ
20	ਇਰਾਕ _____ ਈ. ਵਿੱਚ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਹੋ ਗਿਆ।	1932
21	ਇਰਾਕ _____ ਈ. ਵਿੱਚ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਹੋ ਗਿਆ।	1932

22	ਸੋਵੀਅਤ ਸੰਘ ਦੀ ਵਿਘਟਨ ਕਦੋਂ ਹੋਇਆ?	1991 ਈ.
23	ਸੁਰੱਖਿਆ ਪਰਿਸ਼ਦ ਦੇ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ।	ਠੀਕ
24	ਸੰਯੁਕਤ ਰਾਸ਼ਟਰ ਸੰਘ ਦਾ ਜਨਮ _____ ਈ. ਨੂੰ ਹੋਇਆ।	24 ਅਕਤੂਬਰ 1945

ਪਾਠ 10 - ਲੋਕਤੰਤਰ ਦਾ ਅਰਥ ਅਤੇ ਮਹੱਤਵ

1	ਲੋਕਤੰਤਰ ਵਿੱਚ ਵੱਖ-2 ਵਿਚਾਰ ਰੱਖਣ ਦੀ ਖੁੱਲ੍ਹ ਨਹੀਂ ਹੁੰਦੀ।	ਗਲਤ
2	_____ ਅਨੁਸਾਰ ਲੋਕਤੰਤਰ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਹਰ ਇੱਕ ਦਾ ਹਿੱਸਾ ਹੁੰਦਾ ਹੈ।	ਸੀਲੇ
3	ਡੈਮੋਕਰੇਸੀ _____ ਭਾਸ਼ਾ ਦੇ ਦੋ ਸ਼ਬਦਾਂ Demos ਅਤੇ Cratia ਤੋਂ ਮਿਲ ਕੇ ਬਣਿਆ ਹੈ।	ਯੂਨਾਨੀ
4	ਲੋਕਤੰਤਰ ਸਪਸ਼ਟ ਤੌਰ ਤੇ ਹਿੰਸਾਤਮਕ ਸਾਧਨਾਂ ਦੇ ਵਿਰੁੱਧ ਹੈ ਭਾਵੇਂ ਇਹ ਸਮਾਜ ਦੀ ਭਲਾਈ ਲਈ ਹੀ ਕਿਉਂ ਨਾ ਵਰਤੇ ਜਾਣ।	ਠੀਕ
5	ਲੋਕਤੰਤਰ ਵਿੱਚ ਵਿਅਕਤੀਆਂ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਂਦੇ ਹਨ।	ਠੀਕ
6	ਨਾਗਰਿਕਾਂ ਦਾ ਚੇਤੰਨ ਹੋਣ ਲੋਕਤੰਤਰ ਲਈ ਜ਼ਰੂਰੀ ਹੈ।	ਠੀਕ
7	ਲੋਕਤੰਤਰ ਦੀ ਸਫਲਤਾ ਲਈ ਹੇਠ ਲਿਖਿਆਂ ਵਿੱਚੋਂ ਕਿਹੜੀ ਸ਼ਰਤ ਜ਼ਰੂਰੀ ਹੈ?	ਸਾਰੀਆਂ ਹੀ ਜ਼ਰੂਰੀ ਹਨ
8	ਲੋਕਤੰਤਰ (ਡੈਮੋਕ੍ਰੇਸੀ) ਦਾ ਸ਼ਾਬਦਿਕ ਅਰਥ ਹੈ -	ਲੋਕਾਂ ਦਾ ਸ਼ਾਸਨ
9	ਲੋਕਤੰਤਰ ਵਿੱਚ ਸ਼ਾਸਨ ਦੀ ਸ਼ਕਤੀ ਦਾ ਸੋਮਾ ਕੌਣ ਹੁੰਦੇ ਹਨ?	ਲੋਕ
10	ਲੋਕਤੰਤਰ ਦੇ ਦੋ ਰੂਪ ਪ੍ਰਤੱਖ ਲੋਕਤੰਤਰ ਅਤੇ ਅਪ੍ਰਤੱਖ ਲੋਕਤੰਤਰ ਹਨ।	ਠੀਕ
11	ਜਿਸ ਦੇਸ਼ ਵਿੱਚ ਵਿਰੋਧੀ ਦਲਾਂ ਦੀ ਹੋਂਦ ਨਹੀਂ ਹੁੰਦੀ, ਉਸ ਦੇਸ਼ ਨੂੰ ਅਸੀਂ ਲੋਕਤੰਤਰ ਕਹਿ ਸਕਦੇ ਹਾਂ।	ਗਲਤ
12	ਕਿਸ ਦੇਸ਼ ਵਿੱਚ ਉੱਥੋਂ ਦੇ ਮੂਲ ਨਾਗਰਿਕਾਂ ਦੀ ਵੋਟ ਦੀ ਕੀਮਤ ਭਾਰਤੀ ਮੂਲ ਦੇ ਨਾਗਰਿਕਾਂ ਦੀ ਵੋਟ ਤੋਂ ਜ਼ਿਆਦਾ ਮੰਨੀ ਜਾਂਦੀ ਹੈ?	ਫਿਜੀ
13	ਮੈਕਸੀਕੋ _____ ਈ. ਵਿੱਚ ਆਜ਼ਾਦ ਹੋਇਆ।	1930
14	_____ ਨੂੰ ਪ੍ਰਤੀਨਿਧੀ ਲੋਕਤੰਤਰ ਵੀ ਕਿਹਾ ਜਾਦਾ ਹੈ।	ਅਪ੍ਰਤੱਖ ਲੋਕਤੰਤਰ

15	ਭਾਰਤ ਵਿੱਚ ਸੰਵਿਧਾਨ ਲਾਗੂ ਹੋਣ ਤੇ 1950 ਈ. ਤੋਂ ਹੀ ਇਸਤਰੀਆਂ ਨੂੰ ਪੁਰਖਾਂ ਦੇ ਬਰਾਬਰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ।	ਠੀਕ

ਪਾਠ 11 - ਭਾਰਤੀ ਲੋਕਤੰਤਰ ਦੀ ਸਥਾਪਨਾ ਅਤੇ ਸਰੂਪ

1	ਭਾਰਤੀ ਸੰਵਿਧਾਨ ਵਿੱਚ ਨਿਰਦੇਸ਼ਕ ਸਿਧਾਂਤ _____ ਦੇਸ਼ ਦੇ ਸੰਵਿਧਾਨ ਤੋਂ ਲਏ ਗਏ ਹਨ।	ਆਇਰਲੈਂਡ
2	_____ ਭਾਰਤੀ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਸਨ।	ਡਾ. ਭੀਮ ਰਾਓ ਅੰਬੇਡਕਰ
3	1976 ਈ. ਵਿੱਚ ਸੰਵਿਧਾਨ ਵਿੱਚ ਸਮਾਜਵਾਦ, ਧਰਮ ਨਿਰਪੱਖ ਅਤੇ ਅਖੰਡਤਾ ਸ਼ਬਦਾਂ ਨੂੰ 42ਵੀਂ ਸੋਧ ਦੁਆਰਾ ਸ਼ਾਮਿਲ ਕੀਤਾ ਗਿਆ ਹੈ।	ਠੀਕ
4	ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਧਰਮ ਨਿਰਪੱਖ, ਸਮਾਜਵਾਦੀ, ਲੋਕਤਾਂਤਰਿਕ ਅਤੇ ਗਣਰਾਜ ਦੇਸ਼ ਹੈ।	ਠੀਕ
5	ਭਾਰਤੀ ਸੰਵਿਧਾਨ ਸਭਾ ਦੇ ਪ੍ਰਧਾਨ ਕੌਣ ਸਨ?	ਡਾ. ਰਾਜਿੰਦਰ ਪ੍ਰਸਾਦ
6	ਗਣਤੰਤਰ ਦੇਸ਼ ਉਹ ਹੁੰਦਾ ਹੈ _____।	ਜਿਸਦਾ ਮੁਖੀ ਲੋਕਾਂ ਦੁਆਰਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਦੁਆਰਾ ਨਿਸ਼ਿਚਤ ਸਮੇਂ ਲਈ ਚੁਣਿਆ ਜਾਂਦਾ ਹੈ
7	ਭਾਰਤ ਦੇ ਸੰਵਿਧਾਨ ਨੂੰ ਬਣਾਉਣ ਲਈ ਕਿੰਨਾ ਸਮਾਂ ਲੱਗਾ?	2 ਸਾਲ 11 ਮਹੀਨੇ 18 ਦਿਨ
8	ਸੰਵਿਧਾਨ ਵਿੱਚ ਪਹਿਲੀ ਸੋਧ ਕਦੋਂ ਕੀਤੀ ਗਈ?	1951 ਈ.
9	1992 ਵਿੱਚ 73ਵੀਂ ਸੋਧ ਪੇਂਡੂ ਸਥਾਨਕ ਇਕਾਈਆਂ ਅਤੇ 74ਵੀਂ ਸੋਧ ਸ਼ਹਿਰੀ ਸਥਾਨਕ ਇਕਾਈਆਂ ਦੇ ਸੰਬੰਧ ਵਿੱਚ ਕੀਤੀ ਗਈ ਸੀ।	ਠੀਕ
10	1988 ਵਿੱਚ _____ ਸੋਧ ਦੁਆਰਾ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਸੀ।	61ਵੀਂ
11	ਜਿਸ ਦੇਸ਼ ਦਾ ਮੁਖੀਆ ਲੋਕਾਂ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ ਤੇ ਚੁਣਿਆ ਜਾਂਦਾ ਹੋਵੇ, ਉਸ ਦੇਸ਼ ਨੂੰ _____ ਦੇਸ਼ ਕਿਹਾ ਜਾਂਦਾ ਹੈ।	ਗਣਤੰਤਰ
12	ਭਾਰਤੀ ਮੂਲ ਸੰਵਿਧਾਨ ਵਿੱਚ 395 ਅਨੁਛੇਦ ਅਤੇ 8 ਅਨੁਸੂਚੀਆਂ ਸਨ।	ਠੀਕ
13	ਹੁਣ ਸਾਡੇ ਸੰਵਿਧਾਨ ਵਿੱਚ ਕਿੰਨੀਆਂ ਅਨੁਸੂਚੀਆਂ ਹਨ?	12

14	ਭਾਰਤੀ ਸੰਵਿਧਾਨ ਵਿੱਚ 10ਵੀਂ ਅਨੁਸੂਚੀ ਦਲਬਦਲੀ ਰੋਕੂ ਕਾਨੂੰਨ ਪਾਸ ਹੋਣ ਕਾਰਨ 52ਵੀਂ ਸੋਧ ਦੁਆਰਾ ਸਾਲ _____ ਵਿੱਚ ਜੋੜੀ ਗਈ।	1985
15	ਭਾਰਤੀ ਸੰਵਿਧਾਨ ਵਿੱਚ ਸੋਧ ਸੰਬੰਧੀ ਉਪਬੰਧ ਕਿਹੜੇ ਦੇਸ਼ ਤੋਂ ਲਿਆ ਗਿਆ ਹੈ?	ਦੱਖਣੀ ਅਫਰੀਕਾ
16	ਭਾਰਤੀ ਸੰਵਿਧਾਨ ਵਿੱਚ ਦਰਜ ਸੰਕਟਕਾਲੀਨ ਸ਼ਕਤੀਆਂ ਕਿਹੜੇ ਦੇਸ਼ ਤੋਂ ਲਈਆਂ ਗਈਆਂ ਹਨ?	ਜਰਮਨੀ
17	ਭਾਰਤੀ ਸੰਵਧਾਨ ਕਦੋਂ ਬਣ ਕੇ ਤਿਆਰ ਹੋਇਆ?	26 ਨਵੰਬਰ, 1949
18	ਸੰਵਿਧਾਨ ਦੀ ਪ੍ਰਸਤਾਵਨਾ ਤੋਂ ਸੰਵਿਧਾਨ ਦੇ ਉਦੇਸ਼ਾਂ ਅਤੇ ਸਿਧਾਂਤਾਂ ਦਾ ਪਤਾ ਲਗਦਾ ਹੈ।	ਠੀਕ
19	ਦੁਨੀਆਂ ਦੇ ਮਹਾਨ ਨੇਤਾ ਨੈਲਸਨ ਮੰਡੇਲਾ ਦਾ ਸੰਬੰਧ ਕਿਸ ਦੇਸ਼ ਨਾਲ ਹੈ?	ਦੱਖਣੀ ਅਫਰੀਕਾ
20	ਭਾਰਤ ਲਈ ਸੰਵਿਧਾਨ ਬਣਾਉਣ ਲਈ ਸੰਵਿਧਾਨ ਸਭਾ ਦੀ ਮੰਗ ਪਹਿਲੀ ਵਾਰ ਕਾਂਗਰਸ ਦੁਆਰਾ _____ ਈ. ਵਿੱਚ ਕੀਤੀ ਗਈ।	1935
21	ਸੰਵਿਧਾਨ ਸਭਾ ਦੇ ਕੁੱਲ 389 ਮੈਂਬਰਾਂ ਵਿੱਚੋਂ 292 ਮੈਂਬਰ ਪ੍ਰਾਂਤਾਂ ਵਿੱਚੋਂ ਵਿਧਾਨ ਪਾਲਿਕਾਵਾਂ ਦੇ ਮੈਂਬਰਾਂ ਦੁਆਰਾ ਚੁਣੇ ਗਏ ਸਨ ਅਤੇ 93 ਮੈਂਬਰ ਦੇਸੀ ਰਿਆਸਤਾਂ ਵਿੱਚੋਂ ਅਤੇ 4 ਮੈਂਬਰ ਚੀਫ ਕਮਿਸ਼ਨਰ ਖੇਤਰਾਂ ਵਿੱਚੋਂ ਨਾਮਜ਼ਦ ਕੀਤੇ ਗਏ ਸਨ।	ਠੀਕ
22	ਸੰਵਿਧਾਨ ਸਭਾ ਦੇ ਕੁੱਲ 389 ਮੈਂਬਰਾਂ ਵਿੱਚੋਂ ਵੰਡ ਤੋਂ ਬਾਅਦ ਗਿਣਤੀ _____ ਰਹਿ ਗਈ।	299

ਪਾਠ 12 - ਭਾਰਤ ਦਾ ਸੰਸਦੀ ਲੋਕਤੰਤਰ

1	ਵਰਤਮਾਨ ਸਮੇਂ ਵਿੱਚ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ _____ ਹੈ।	245
2	2014 ਵਿੱਚ 16ਵੀਂ ਲੋਕ ਸਭਾ ਵਿੱਚ ਸ਼੍ਰੀ ਨਰਿੰਦਰ ਮੋਦੀ ਜੀ ਦੀ ਸਪਸ਼ਟ ਬਹੁਮਤ ਵਾਲੀ ਸਰਕਾਰ ਤੋਂ ਪਹਿਲਾਂ ਕਿਹੜੀ ਸਰਕਾਰ ਨੂੰ ਸਪਸ਼ਟ ਬਹੁਮਤ ਪ੍ਰਾਪਤ ਸੀ?	ਸ਼੍ਰੀ ਰਾਜੀਵ ਗਾਂਧੀ (1984-89)
3	ਭਾਰਤ ਵਿੱਚ ਗੈਰ-ਸੰਸਦੀ ਮੈਂਬਰ ਨੂੰ ਮੰਤਰੀ ਪਦ ਤਾਂ ਦਿੱਤਾ ਜਾ ਸਕਦਾ ਹੈ, ਪਰ ਉਸ ਲਈ _____ ਦੇ ਅੰਦਰ ਅੰਦਰ ਸੰਸਦ ਦਾ ਮੈਂਬਰ ਬਣਨਾ ਲਾਜ਼ਮੀ ਹੁੰਦਾ ਹੈ।	6 ਮਹੀਨੇ
4	ਲੋਕ ਸਭਾ ਦਾ ਨੇਤਾ _____ ਹੁੰਦਾ ਹੈ।	ਪ੍ਰਧਾਨ ਮੰਤਰੀ
5	ਭਾਰਤੀ ਸੰਵਿਧਾਨ ਦੇ ਅਨੁਛੇਦ _____ ਅਧੀਨ ਸੰਸਦ ਦੀ ਵਿਵਸਥਾ ਕੀਤੀ ਗਈ ਹੈ।	79
6	ਸੰਸਦ ਵਿੱਚ ਲੋਕ ਸਭਾ, ਰਾਜ ਸਭਾ ਅਤੇ ਰਾਸ਼ਟਰਪਤੀ ਸ਼ਾਮਲ ਹੁੰਦੇ ਹਨ।	ਠੀਕ
7	ਰਾਜ ਸਭਾ ਵਿੱਚ _____ ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ।	12

8	ਰਾਜ ਸਭਾ ਦੇ ਮੈਂਬਰਾਂ ਦੀ ਚੋਣ _____ ਸਾਲਾਂ ਲਈ ਕੀਤੀ ਜਾਂਦੀ ਹੈ।	6
9	ਰਾਜ ਸਭਾ ਇੱਕ ਸਥਾਈ ਸਦਨ ਹੈ ਅਤੇ ਇੱਕ ਤਿਹਾਈ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ।	ਠੀਕ
10	ਰਾਜ ਸਭਾ ਲਈ ਪੰਜਾਬ ਰਾਜ ਵਿੱਚੋਂ ਕਿੰਨੇ ਮੈਂਬਰ ਚੁਣੇ ਜਾਂਦੇ ਹਨ ?	7
11	ਲੋਕ ਸਭਾ ਲਈ ਪੰਜਾਬ ਰਾਜ ਵਿੱਚੋਂ ਕਿੰਨੇ ਮੈਂਬਰ ਚੁਣੇ ਜਾਂਦੇ ਹਨ ?	13
12	ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ ਘੱਟ ਉਮਰ 25 ਸਾਲ ਤੇ ਰਾਜ ਸਭਾ ਦੇ ਲਈ 30 ਸਾਲ ਹੋਣੀ ਚਾਹੀਦੀ ਹੈ।	ਠੀਕ
13	ਸਾਡੇ ਸੰਵਿਧਾਨ ਦੇ ਅਨੁਛੇਦ _____ ਅਧੀਨ ਰਾਸ਼ਟਰਪਤੀ ਦੀ ਪਦਵੀ ਦੀ ਵਿਵਸਥਾ ਕੀਤੀ ਗਈ ਹੈ।	52
14	ਰਾਸ਼ਟਰਪਤੀ ਬਣਨ ਲਈ ਘੱਟੋ ਘੱਟ ਉਮਰ _____ ਸਾਲ ਹੋਣਾ ਜ਼ਰੂਰੀ ਹੈ।	35
15	ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਕੌਣ ਕਰਦਾ ਹੈ?	ਰਾਸ਼ਟਰਪਤੀ
16	ਭਾਰਤੀ ਰਾਸ਼ਟਰਪਤੀ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਿਸ ਦੀ ਸਲਾਹ ਨਾਲ ਕਰਦਾ ਹੈ?	ਪ੍ਰਧਾਨ ਮੰਤਰੀ
17	ਭਾਰਤ ਵਿੱਚ ਕਾਨੂੰਨ ਨਿਰਮਾਣ ਦੀ ਆਖਰੀ ਸ਼ਕਤੀ ਕਿਸ ਕੋਲ ਹੈ?	ਰਾਸ਼ਟਰਪਤੀ
18	ਮੰਤਰੀ ਮੰਡਲ ਦੀ ਮੀਟਿੰਗਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?	ਪ੍ਰਧਾਨ ਮੰਤਰੀ
19	ਪ੍ਰਧਾਨ ਮੰਤਰੀ ਦੇਸ਼ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ।	ਗਲਤ
20	ਪ੍ਰਧਾਨ ਮੰਤਰੀ ਅਤੇ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਕੌਣ ਚੁਕਾਉਂਦਾ ਹੈ?	ਰਾਸ਼ਟਰਪਤੀ
21	ਕੈਨੇਡਾ ਅਤੇ ਆਸਟਰੇਲੀਆ ਵਿੱਚ ਦੇਸ਼ ਦੇ ਮੁਖੀ ਦੇ ਅਹੁਦੇ ਦਾ ਕੀ ਨਾਂ ਹੈ?	ਗਵਰਨਰ ਜਨਰਲ
22	ਇੰਗਲੈਂਡ ਵਿੱਚ ਸੰਸਦ ਦੇ ਹੇਠਲੇ ਸਦਨ ਨੂੰ ਹਾਊਸ ਆਫ ਕਾਮਨਜ਼ ਅਤੇ ਉਪਰਲੇ ਸਦਨ ਨੂੰ ਹਾਊਸ ਆਫ ਲਾਰਡਜ਼ ਕਿਹਾ ਜਾਂਦਾ ਹੈ।	ਠੀਕ
23	ਇੰਗਲੈਂਡ ਵਿੱਚ ਸੰਸਦ ਦੇ ਹੇਠਲੇ ਸਦਨ ਨੂੰ ਹਾਊਸ ਆਫ ਕਾਮਨਜ਼ ਅਤੇ ਉਪਰਲੇ ਸਦਨ ਨੂੰ ਹਾਊਸ ਆਫ ਲਾਰਡਜ਼ ਕਿਹਾ ਜਾਂਦਾ ਹੈ।	ਠੀਕ

ਪਾਠ 13 - ਲੋਕਤੰਤਰ ਅਤੇ ਚੋਣ ਰਾਜਨੀਤੀ

1	ਭਾਰਤ ਵਿੱਚ ਪਹਿਲੀ ਲੋਕ ਸਭਾ ਦੀ ਚੋਣ _____ ਈ. ਵਿੱਚ ਹੋਈ।	1952
2	ਇੱਕ ਚੋਣ ਖੇਤਰ ਵਿੱਚੋਂ ਇੱਕ ਹੀ ਉਮੀਦਵਾਰ ਚੁਣਿਆ ਜਾਂਦਾ ਹੈ।	ਠੀਕ
3	ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ _____ ਚੋਣ ਖੇਤਰ ਨਿਰਧਾਰਤ ਕੀਤੇ ਗਏ ਹਨ।	117

4	ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ ਆਮ ਤੌਰ ਤੇ 8 ਦਿਨਾਂ ਦਾ ਸਮਾਂ ਨਾਮਜ਼ਦਗੀ ਪੱਤਰ ਭਰਨ ਲਈ ਦਿੱਤਾ ਜਾਂਦਾ ਹੈ।	ਠੀਕ
5	ਵੋਟਾਂ ਪੈਣ ਦੀ ਮਿਤੀ ਤੋਂ ਕਿੰਨੇ ਘੰਟੇ ਪਹਿਲਾਂ ਚੋਣ ਪ੍ਰਚਾਰ ਬੰਦ ਕਰ ਦਿੱਤਾ ਜਾਂਦਾ ਹੈ?	48 ਘੰਟੇ
6	ਲੋਕ ਸਭਾ, ਵਿਧਾਨ ਸਭਾ ਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ _____ ਲਈ ਕਰਵਾਈਆਂ ਜਾਂਦੀਆਂ ਹਨ।	5 ਸਾਲ
7	ਜਿੱਤੇ ਹੋਏ ਉਮੀਦਵਾਰ ਵੱਲੋਂ ਅਸਤੀਫਾ ਦੇਣ ਜਾਂ ਉਸ ਦੀ ਚੋਣ ਨੂੰ ਅਯੋਗ ਕਰਾਰ ਦਿੱਤੇ ਜਾਣ ਜਾਂ ਉਸ ਦੀ ਮੌਤ ਹੋਣ ਕਾਰਨ ਖਾਲੀ ਹੋਈ ਸੀਟ ਤੇ ਜੋ ਚੋਣ ਕਰਵਾਈ ਜਾਂਦੀ ਹੈ, ਉਸ ਨੂੰ ____ ਕਹਿੰਦੇ ਹਨ।	ਜ਼ਿਮਨੀ ਚੋਣ
8	ਰਾਸ਼ਟਰੀ ਰਾਜਨੀਤਿਕ ਦਲ ਅਤੇ ਖੇਤਰੀ ਰਾਜਨੀਤਿਕ ਦਲਾਂ ਦਾ ਚੋਣ ਕਮਿਸ਼ਨ ਕੋਲ ਰਜਿਸਟਰ ਹੋਣ ਜ਼ਰੂਰੀ ਨਹੀਂ ਹੈ।	ਗਲਤ
9	ਭਾਰਤ ਵਿੱਚ ਕੇਂਦਰੀ ਸੰਸਦ ਦੇ ਚੁਣੇ ਹੋਏ ਪ੍ਰਤੀਨਿਧੀ ਨੂੰ _____ ਕਿਹਾ ਜਾਂਦਾ ਹੈ।	M.P.
10	ਮੁੱਖ ਚੋਣ ਕਮਿਸ਼ਨਰ ਅਤੇ ਉਪ ਕਮਿਸ਼ਨਰਾਂ ਦੀ ਨਿਯੁਕਤੀ _____ ਦੁਆਰਾ ਕੀਤੀ ਜਾਂਦੀ ਹੈ।	ਰਾਸ਼ਟਰਪਤੀ
11	ਲੋਕਾਂ ਦੇ ਪ੍ਰਤੀਨਿਧੀ _____ ।	ਲੋਕਾਂ ਦੁਆਰਾ ਨਿਸ਼ਚਿਤ ਸਮੇਂ ਲਈ ਚੁਣੇ ਜਾਂਦੇ ਹਨ
12	ਹੇਠ ਲਿਖਿਆਂ ਵਿੱਚੋਂ ਕਿਹੜਾ ਲੋਕਤੰਤਰ ਦਾ ਥੰਮ੍ਹ ਨਹੀਂ ਹੈ?	ਗਰੀਬੀ
13	ਭਾਰਤ ਵਿੱਚ ਬਹੁਦਲੀ ਪ੍ਰਣਾਲੀ ਹੈ।	ਠੀਕ
14	ਚੋਣ ਕਮਿਸ਼ਨ ਦਾ ਮੁੱਖ ਕੰਮ ਚੋਣਾਂ ਦਾ ਨਿਰਦੇਸ਼ਨ, ਪ੍ਰਬੰਧ ਅਤੇ ਨਿਰੀਖਣ ਕਰਨਾ ਹੈ।	ਠੀਕ
15	ਵਿਧਾਨ ਸਭਾ ਦੇ ਲਈ ਚੁਣੇ ਹੋਏ ਪ੍ਰਤੀਨਿਧੀ ਨੂੰ _____ ਕਿਹਾ ਜਾਂਦਾ ਹੈ।	M.L.A.
16	ਚੋਣਾਂ ਦੇ ਝਗੜਿਆਂ ਸੰਬੰਧੀ ਉਜਰਦਾਰੀ ਜਾਂ ਯਾਚਿਕਾ ਉੱਚ ਅਦਾਲਤ ਜਾਂ ਹਾਈ ਕੋਰਟ ਵਿੱਚ ਕੀਤੀ ਜਾ ਸਕਦੀ ਹੈ।	ਠੀਕ
17	ਮੁੱਖ ਚੋਣ ਕਮਿਸ਼ਨਰ ਅਤੇ ਡਿਪਟੀ ਚੋਣ ਕਮਿਸ਼ਨਰਾਂ ਦੇ ਅਹੁਦੇ ਦੀ ਮਿਆਦ 6 ਸਾਲ ਜਾਂ 65 ਸਾਲ ਤੱਕ ਦੀ ਉਮਰ ਤੱਕ ਹੁੰਦੀ ਹੈ।	ਠੀਕ
18	ਹੇਠ ਲਿਖਿਆਂ ਵਿੱਚੋਂ ਕਿਹੜਾ ਦਲ ਰਾਸ਼ਟਰੀ ਦਲ ਨਹੀਂ ਹੈ?	ਸ਼੍ਰੋਮਣੀ ਅਕਾਲੀ ਦਲ
19	ਭਾਰਤੀ ਚੋਣ ਕਮਿਸ਼ਨ ਵਿੱਚ ਕਿੰਨੇ ਮੈਂਬਰ ਹੁੰਦੇ ਹਨ?	3
20	ਲੋਕ ਸਭਾ ਦੇ ਨਿਰਧਾਰਿਤ ਸਮੇਂ ਤੋਂ ਬਾਅਦ ਹੋਣ ਵਾਲੀਆਂ ਚੋਣਾਂ ਨੂੰ _____ ਚੋਣਾਂ ਕਹਿੰਦੇ ਹਨ।	ਆਮ ਚੋਣਾਂ

ਪਾਠ 14 - ਸੰਵਿਧਾਨ ਅਧੀਨ ਨਾਗਰਿਕਾਂ ਦੇ ਮੌਲਿਕ ਅਧਿਕਾਰ

1	ਬਾਲ ਮਜ਼ਦੂਰੀ ਕਿਸ ਅਧਿਕਾਰ ਦੁਆਰਾ ਬੰਦ ਕੀਤੀ ਗਈ ਹੈ?	ਸੋਸ਼ਣ ਵਿਰੁੱਧ ਅਧਿਕਾਰ
2	ਅਧਿਕਾਰ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵੱਲੋਂ ਕੀਤੀਆਂ ਗਈਆਂ ਉਹ ਉਚਿਤ ਮੰਗਾਂ ਹਨ ਜਿਨ੍ਹਾਂ ਨੂੰ ਸਮਾਜ ਅਤੇ ਰਾਜ ਮਾਨਤਾ ਦਿੰਦਾ ਹੈ।	ਠੀਕ
3	ਭਾਰਤੀ ਸੰਵਿਧਾਨ ਵਿੱਚ ਮੌਲਿਕ ਅਧਿਕਾਰ ਅਨੁਛੇਦ 14 ਤੋਂ 32 ਤੱਕ ਦਰਜ ਹਨ।	ਠੀਕ
4	ਕਿਹੜਾ ਅਧਿਕਾਰ 1978 ਈ. ਵਿੱਚ 44ਵੀਂ ਸੋਧ ਦੁਆਰਾ ਮੌਲਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚੋਂ ਕੱਢ ਦਿੱਤਾ ਗਿਆ?	ਸੰਪੱਤੀ ਜਾਂ ਜਾਇਦਾਦ ਦਾ ਅਧਿਕਾਰ
5	ਸੰਨ 2002 ਈ. ਵਿੱਚ ਭਾਰਤੀ ਸੰਸਦ ਨੇ 86ਵੀਂ ਸੋਧ ਪਾਸ ਕਰਕੇ ਸੰਵਿਧਾਨ ਦੇ ਅਨੁਛੇਦ 21A ਰਾਹੀਂ ਬੱਚਿਆਂ ਦੇ ਮੁਫਤ ਅਤੇ ਜ਼ਰੂਰੀ ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾ ਦਿੱਤਾ ਹੈ।	ਠੀਕ
6	ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਕਿਹੜਾ ਮੌਲਿਕ ਅਧਿਕਾਰ ਦਰਜ ਹੈ?	ਸਮਾਨਤਾ ਦਾ ਅਧਿਕਾਰ
7	ਭਾਰਤੀ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦਾ ਵਰਨਣ ਕਿਸ ਭਾਗ ਵਿੱਚ ਕੀਤਾ ਗਿਆ ਹੈ?	ਤੀਜੇ
8	ਭਾਰਤੀ ਸੰਵਿਧਾਨ ਵਿੱਚ ਕਿੰਨੇ ਮੌਲਿਕ ਅਧਿਕਾਰ ਦਿੱਤੇ ਗਏ ਹਨ?	6
9	ਸੁਤੰਤਰਤਾ ਦੇ ਅਧਿਕਾਰ ਦੀ ਵਿਵਸਥਾ _____ ਅਨੁਛੇਦ ਵਿੱਚ ਕੀਤੀ ਗਈ ਹੈ।	19 ਤੋਂ 22
10	ਸੰਵਿਧਾਨਕ ਉਪਚਾਰਾਂ ਦਾ ਅਧਿਕਾਰ _____ ਅਨੁਛੇਦ ਵਿੱਚ ਦਿੱਤਾ ਗਿਆ ਹੈ।	32
11	ਧਰਮ ਨਿਰਪੱਖ ਦਾ ਅਰਥ ਹੈ ਕਿ ਲੋਕ ਕਿਸੇ ਵੀ ਧਰਮ ਨੂੰ ਅਪਨਾਉਣ ਦੇ ਲਈ ਸੁਤੰਤਰ ਹਨ।	ਠੀਕ
12	ਅਧਿਕਾਰ ਜੀਵਨ ਦੀਆਂ ਉਹ ਜ਼ਰੂਰੀ ਹਾਲਤਾਂ ਹਨ ਜਿਨ੍ਹਾਂ ਤੋਂ ਬਿਨ੍ਹਾਂ ਕੋਈ ਵੀ ਖੁਸ਼ਹਾਲ ਜ਼ਿੰਦਗੀ ਨਹੀਂ ਜੀ ਸਕਦਾ।	ਠੀਕ
13	ਬਾਲ ਮਜ਼ਦੂਰੀ ਕਿਸ ਅਧਿਕਾਰ ਦੁਆਰਾ ਬੰਦ ਕੀਤੀ ਗਈ ਹੈ?	ਸ਼ੋਸ਼ਣ ਵਿਰੁੱਧ ਅਧਿਕਾਰ
14	ਉਸ ਬਿੱਲ ਦਾ ਨਾਂ ਦੱਸੋ ਜਿਸ ਵਿੱਚ ਬਾਲ ਗੰਗਾਧਰ ਤਿਲਕ ਨੇ 1895 ਈ. ਵਿੱਚ ਭਾਰਤੀਆਂ ਲਈ ਅੰਗਰੇਜ਼ਾਂ ਕੋਲੋਂ ਕੁੱਝ ਅਧਿਕਾਰਾਂ ਦੀ ਮੰਗ ਕੀਤੀ ਸੀ?	ਸਵਰਾਜ ਬਿਲ
15	ਅੰਗਰੇਜ਼ਾਂ ਕੋਲੋਂ ਔਰਤਾਂ ਤੇ ਮਰਦਾਂ ਲਈ ਸਮਾਨ ਅਧਿਕਾਰਾਂ ਦੀ ਮੰਗ 1928 ਈ. ਵਿੱਚ ਨਹਿਰੂ ਰਿਪੋਰਟ ਵਿੱਚ ਕੀਤੀ ਗਈ ਸੀ।	ਠੀਕ
16	ਛੂਆ-ਛੂਤ ਦੇ ਖਾਤਮੇ ਲਈ ਭਾਰਤ ਦੇ ਸੰਵਿਧਾਨ ਦੇ ਕਿਹੜੇ ਅਨੁਛੇਦ ਅਧੀਨ ਵਿਵਸਥਾ ਕੀਤੀ ਗਈ ਹੈ?	ਅਨੁਛੇਦ 17
17	ਅਨੁਛੇਦ 22 ਕਿਸ ਮੌਲਿਕ ਅਧਿਕਾਰ ਨਾਲ ਸੰਬੰਧਤ ਹੈ?	ਕੈਦੀਆਂ ਦੇ ਅਧਿਕਾਰ ਤੇ ਸੁਤੰਤਰਤਾਵਾਂ

18	ਭਾਰਤ ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਦਸੰਬਰ 1993 ਵਿੱਚ ਕੀਤੀ ਗਈ ਹੈ।	ਠੀਕ
19	ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਕਿਸੇ ਵੀ ਅਦਾਲਤ ਵਿੱਚ ਵਕਾਲਤ ਕਰ ਸਕਦੇ ਹਨ।	ਗਲਤ
20	ਨਿਆਇਕ ਪੁਨਰ-ਨਿਰੀਖਣ ਦੀ ਸ਼ਕਤੀ _____ ਕੋਲ ਹੈ।	ਨਿਆਂਪਾਲਿਕਾ
21	ਅਨੁਛੇਦ _____ ਹਰ ਕਿਸਮ ਦੀ ਬੰਧੂਆ ਮਜ਼ਦੂਰੀ, ਬੇਗਾਰ ਤੇ ਮਨੁੱਖਾਂ ਦੇ ਵਪਾਰ ਨੂੰ ਰੋਕਦਾ ਹੈ।	23
22	ਅਨੁਛੇਦ ____ ਦੁਆਰਾ 14 ਸਾਲ ਦੇ ਘੱਟ ਉਮਰ ਦੇ ਬੱਚਿਆਂ ਤੋਂ ਫੈਕਟਰੀਆਂ, ਖਾਣਾਂ ਤੇ ਹੋਰ ਜ਼ੋਖ਼ਿਮ ਭਰੇ ਸਥਾਨਾਂ ਤੇ ਕੰਮ ਲੈਣ ਤੋਂ ਰੋਕ ਲਗਾਈ ਗਈ ਹੈ।	24
23	ਅਨੁਛੇਦ 28 ਅਧੀਨ ਵਿੱਦਿਅਕ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਦੇਣ ਦੀ ਮਨਾਹੀ ਕੀਤੀ ਗਈ ਹੈ।	ਠੀਕ
24	ਅਨੁਛੇਦ ____ ਅਧੀਨ ਅੰਗਰੇਜ਼ਾਂ ਦੁਆਰਾ ਦਿੱਤੇ ਗਏ ਖਿਤਾਬ ਨੂੰ ਖਤਮ ਕਰ ਦਿੱਤਾ ਗਿਆ ਹੈ।	18
25	ਅਨੁਛੇਦ 15 ਅਧੀਨ ਹਰ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕੀਤੀ ਗਈ ਹੈ।	ਠੀਕ
26	ਅਨੁਛੇਦ 16 ਅਵਸਰ ਦੀ ਸਮਾਨਤਾ ਨਾਲ ਸੰਬੰਧਤ ਹੈ।	ਠੀਕ

ict ICT in Schools
we wish for your bright future!

Join us on Telegram at https://t.me/ictinschools